# ਡਾਇਰੈਕਟਰ ਜਨਰਲ ਸਕੂਲ ਸਿੱਖਿਆ ਅਤੇ ਸਟੇਟ ਪ੍ਰਾਜੈਕਟ ਡਾਇਰੈਕਟਰ,

# ਸਰਵ ਸਿੱਖਿਆ ਅਭਿਆਨ ਅਥਾਰਟੀ (ਪੰਜਾਬ)

ਸਿੱਖਿਆ ਭਵਨ, ਪੀ.ਐਸ.ਈ.ਬੀ. ਕੰਪਲੈਕਸ, ਈ-ਬਲਾਕ, ਪੰਜਵੀਂ ਮੰਜ਼ਿਲ, ਫੇਜ਼-8, ਮੋਹਾਲੀ, ਈ-ਮੇਲ : iedpunjabssa@gmail.com

Through Website

ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿੱ./ ਸੈ.ਸਿੱ)
ਪੰਜਾਬ।

ਮੀਮੋ ਨੰ : ਆਈ.ਈ.ਡੀ./ਸਸਅ/2018/3343-86 ਮਿਤੀ : 07-03-18

**ਵਿਸ਼ਾ:- ਆਈ.ਈ.ਆਰ.ਟੀ. ਦੇ ਐਡਵਾਂਸ ਟੂਰ ਪ੍ਰੋਗਰਾਮ ਅਤੇ ਇਹਨਾਂ ਦੇ ਕੰਮਾਂ ਨਾਲ ਸਬੰਧਤ ਹਦਾਇਤਾਂ ਜਾਰੀ ਕਰਨ ਸਬੰਧੀ।**

1. ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੇ ਖੇਚਲ ਕੀਤੀ ਜਾਵੇ ਜੀ।
2. IERTs ਦੇ ਐਡਵਾਂਸ ਟੂਰ ਪ੍ਰੋਗਰਾਮ ਦਾ ਰਿਕਾਰਡ ਉਹਨਾਂ ਸਕੂਲਾਂ ਦੇ ਸਕੂਲ ਮੁੱਖੀ/ ਪ੍ਰਿੰਸੀਪਲ ਕੋਲ ਲਾਜ਼ਮੀ ਹੋਣਾ ਚਾਹੀਦਾ ਹੈ, ਜਿੱਥੇ ਰਿਸੋਰਸ ਰੂਮ ਚੱਲ ਰਹੇ ਹਨ ਅਤੇ ਜਿੱਥੇ CWSN ਬੱਚੇ mainstream ਹਨ।
3. ਨਿਰੀਖਣ ਉਪਰੰਤ ਜੇਕਰ ਇਸ ਦਫਤਰ ਦੀਆਂ ਹਦਾਇਤਾਂ ਦੀ ਪਾਲਣਾ ਵਿੱਚ ਕਮੀਆਂ ਪਾਈਆਂ ਜਾਂਦੀਆਂ ਹਨ ਤਾਂ ਇਸ ਦੀ ਪੂਰਨ ਜਿੰਮੇਵਾਰੀ ਸਬੰਧਤ ਸਕੂਲ ਮੁੱਖੀ ਦੀ ਹੋਵੇਗੀ।
4. ਹਰ ਅਗਾਂਊ ਮਹੀਨੇ ਦਾ ਏ.ਟੀ.ਪੀ. ਆਈ.ਈ.ਆਰ.ਟੀ. ਵੱਲੋਂ ਮੌਜੂਦਾ ਮਹੀਨੇ ਦੀ 22 ਤਾਰੀਖ ਤੱਕ ਸਬੰਧਤ ਜ਼ਿਲ੍ਹਾ ਸਿੱਖਿਆ ਅਫਸਰ ਨੂੰ ਜਮ੍ਹਾਂ ਕਰਵਾਉਣਾ ਲਾਜ਼ਮੀ ਹੋਵੇਗਾ।
5. ATP ਦੀ ਇੱਕ ਕਾਪੀ ਸਬੰਧਤ ਆਈ.ਈ.ਆਰ.ਟੀ. ਵੱਲੋਂ ਜ਼ਿਲ੍ਹਾ ਦਫਤਰ ਵਿਖੇ ਜਮ੍ਹਾ ਕਰਵਾਈ ਜਾਵੇਗੀ ਅਤੇ ਇਸ ਦੀ ਦੂਜੀ ਕਾਪੀ ਆਪਣੇ ਕੋਲ ਰੱਖੀ ਜਾਵੇਗੀ ਜਿਸ ਵਿੱਚ ਆਈ.ਈ.ਆਰ.ਟੀ. ਵੱਲੋਂ ਰੋਜ਼ਾਨਾ ਆਪਣੀ ਮੂਵਮੈਂਟ ਅਨੁਸਾਰ ਸਬੰਧਤ ਸਕੂਲ ਇੰਨਚਾਰਜ/ ਐਚ.ਟੀ./ ਸੀ.ਐਚ.ਟੀ. ਤੋਂ ਹਸਤਾਖਰ ਕਰਵਾਕੇ ਸਟੈਂਪ ਲਗਵਾਈ ਜਾਵੇਗੀ।
6. ਜੇਕਰ ਕਿਸੇ ਆਈ.ਈ.ਆਰ.ਟੀ. ਵੱਲੋਂ ਐਡਵਾਂਸ ਟੂਰ ਪ੍ਰੋਗਰਾਮ ਵਿੱਚ ਕਿਸੇ ਤਰਾਂ ਦੀ ਤਬਦੀਲੀ ਕੀਤੀ ਜਾਂਦੀ ਹੈ ਤਾਂ ਉਸ ਸਮੇਂ ਆਈ.ਈ.ਆਰ.ਟੀ. ਵੱਲੋਂ ਆਪਣੇ ਮੋਬਾਈਲ ਤੋਂ ਪਹਿਲਾਂ ਡੀ.ਐਸ.ਈ. ਜਾਂ ਆਈ.ਈ.ਡੀ. ਕੋਆਡੀਨੇਟਰ ਦੇ ਮੋਬਾਈਲ ਤੇ text message ਕੀਤਾ ਜਾਵੇਗਾ ਕਿ visit change ਕਰਨ ਦਾ ਕੀ ਕਾਰਨ ਹੈ ਅਤੇ ਹੁਣ ਕਿਹੜੇ ਰਿਸੋਰਸ ਰੂਮ/ਸਕੂਲ ਵਿੱਚ ਵਿਜ਼ਿਟ ਕੀਤੀ ਜਾਵੇਗੀ। ਜਿਸ ਨੂੰ ਡੀ.ਐਸ.ਈ./ ਆਈ.ਈ.ਡੀ. ਕੋਆਡੀਨੇਟਰ ਆਪਣੇ message ਦੇ ਰਿਕਾਰਡ ਦੇ ਅਧਾਰ ਤੇ ਮਹੀਨੇ ਦੀ ਆਖਰੀ ਮਿਤੀ ਨੂੰ ਜਿਸ ਸਮੇਂ ਆਈ.ਈ.ਆਰ.ਟੀ. ਵੱਲੋਂ ਆਪਣਾ actual implement ਕੀਤਾ ਗਿਆ ਟੂਰ ਪ੍ਰੋਗਰਾਮ ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿੱ) ਵਿਖੇ ਜਮ੍ਹਾ ਕਰਵਾਇਆ ਜਾਵੇਗਾ, ਉਸ ਸਮੇਂ ਡੀ.ਐਸ.ਈ./ ਆਈ.ਈ.ਡੀ. ਕੋਆਡੀਨੇਟਰ ਵੱਲੋਂ ਵੈਰੀਫਾਈ ਕੀਤਾ ਜਾਵੇਗਾ ਅਤੇ stamp ਲਗਾ ਕੇ ਹਸਤਾਖਰ ਕੀਤੇ ਜਾਣਗੇ। ਇਸ ਦੇ ਨਾਲ ਹੀ ਡੀ.ਐਸ.ਈ. ਵੱਲੋਂ ਆਪਣੀ ਕੀਤੀ ਗਈ ਚੈਕਿੰਗ ਦੇ ਅਧਾਰ ਤੇ ਆਈ.ਈ.ਆਰ.ਟੀ. ਵੱਲੋਂ ਕੀਤੀਆਂ ਗਈਆਂ ਵਿਜ਼ਿਟਸ

# Advance Tour Programme (ATP) of IERT Date From ........ To ........

Name of IERT & Phone No. — Block — District

Days at Resource Room · Home Based Education (HBE) · School Visit · Bal Sabha / Parent Meeting / IEV Meeting

| Sr. No. | Date | Day | Place | Time | No. of CWSN | Name of HT/CHT & Phone No. | Signature & Stamp & HT/CHT | Village Address | Time | Name of CWSN & Phone No. of Parent | 1st School | No. of CWSN enrolled | Time | Name of HT/CHT & Phone No. | Signature & Stamp & HT/CHT | 2nd School | No. of CWSN enrolled | Time | Name of HT/CHT & Phone No. | Signature & Stamp & HT/CHT | 3rd School | No. of CWSN | Time | Name of HT/CHT & Phone No. | Signature & Stamp & HT/CHT | Activity | Place | Time | No. of Person attending | Remarks (If any change in movement then specify & Signed by DSE, IED Coord., DEO) |
|---|---|---|---|---|---|---|---|---|---|---|---|---|---|---|---|---|---|---|---|---|---|---|---|---|---|---|---|---|---|---|
| | | | | | | | | | | | | | | | | | | | | | | | | | | | | | | |
| | | | | | | | | | | | | | | | | | | | | | | | | | | | | | | |
| | | | | | | | | | | | | | | | | | | | | | | | | | | | | | | |
| | | | | | | | | | | | | | | | | | | | | | | | | | | | | | | |
| | | | | | | | | | | | | | | | | | | | | | | | | | | | | | | |
| | | | | | | | | | | | | | | | | | | | | | | | | | | | | | | |
| | | | | | | | | | | | | | | | | | | | | | | | | | | | | | | |
| | | | | | | | | | | | | | | | | | | | | | | | | | | | | | | |
| | | | | | | | | | | | | | | | | | | | | | | | | | | | | | | |
| | | | | | | | | | | | | | | | | | | | | | | | | | | | | | | |
| | | | | | | | | | | | | | | | | | | | | | | | | | | | | | | |
| | | | | | | | | | | | | | | | | | | | | | | | | | | | | | | |
| | | | | | | | | | | | | | | | | | | | | | | | | | | | | | | |
| | | | | | | | | | | | | | | | | | | | | | | | | | | | | | | |
| | | | | | | | | | | | | | | | | | | | | | | | | | | | | | | |
| | | | | | | | | | | | | | | | | | | | | | | | | | | | | | | |

ਨੋਟ:-1. ATP ਦੀ ਇਕ ਕਾਪੀ ਆਈ.ਈ.ਆਰ.ਟੀ. ਵਲੋਂ ਡੀ.ਐਸ.ਈ./ ਡੀ.ਐਸ.ਈ.ਟੀ. ਨੂੰ ਆਉਣ ਵਾਲੇ ਮਹੀਨੇ ਲਈ ਦਿਤੀ ਜਾਵੇਗੀ। ਦੂਜੀ ਕਾਪੀ ਆਪਣੇ ਕੋਲ ਰੱਖੀ ਜਾਵੇਗੀ ਜਿਸ ਵਿੱਚ ਆਈ.ਈ.ਆਰ.ਟੀ. ਵਲੋਂ ਰੋਜ਼ਾਨਾ ਆਪਣੀ ਮੂਵਮੈਂਟ ਅਨੁਸਾਰ ਸਬੰਧਤ ਸਕੂਲ ਇਨਚਾਰਜ/ ਐਚ.ਟੀ./ ਸੀ.ਐਚ.ਟੀ. ਤੋਂ ਹਸਤਾਖਰ ਅਤੇ ਸਟੈਂਪ ਲਗਵਾਈ ਜਾਵੇਗੀ।

2. ਜੇਕਰ ATP ਵਿੱਚ mention visit ਵਿੱਚ ਆਈ.ਈ.ਆਰ.ਟੀ. ਵਲੋਂ ਅਚਨਚੇਤ ਕਿਸੇ ਕਾਰਨ change ਹੁੰਦਾ ਹੈ ਤਾਂ ਇਸ ਦੀ ਜਾਣਕਾਰੀ text message ਰਾਹੀਂ ਸਬੰਧਤ ਮਿਤੀ ਨੂੰ ਤੁਰੰਤ ਆਪਣੇ ਜ਼ਿਲ੍ਹੇ ਦੇ ਡੀ.ਐਸ.ਈ./ ਆਈ.ਈ.ਡੀ. ਕੁਆਰਡੀਨੇਟਰ/ ਡੀ.ਈ.ਓ.(ਐ.ਸਿ.) ਨੂੰ ਦਿੱਤੀ ਜਾਵੇਗੀ।

3. ਸਬੰਧਤ change ਹੋਈ visit ਨੂੰ ਡੀ.ਐਸ.ਈ./ ਡੀ.ਐਸ.ਈ.ਟੀ./ ਆਈ.ਈ.ਡੀ. ਕੁਆਰਡੀਨੇਟਰ/ ਡੀ.ਈ.ਓ.(ਐ.ਸਿ.) ਵਲੋਂ ਮਹੀਨੇ ਦੀ ਆਖਰੀ ਮਿਤੀ ਜਾਂ monthly meeting ਦੌਰਾਨ ਆਈ.ਈ.ਆਰ.ਟੀ. ਵਲੋਂ ਭੇਜੇ ਗਏ text message ਦੇ ਆਧਾਰ ਤੇ ਆਈ.ਈ.ਆਰ.ਟੀ. ਦੇ ATP ਵਿੱਚ remarks column ਵਿੱਚ ਹਸਤਾਖਰ ਕਰ ਕੇ verify ਕੀਤਾ ਜਾਵੇਗਾ।

Scanned by CamScanner

ਨੂੰ ਵੈਰੀਫਾਈ ਕੀਤਾ ਜਾਵੇਗਾ ਅਤੇ ਇਸ ਦੇ ਅਧਾਰ ਤੇ ਹੀ ਇਹਨਾਂ ਕਰਮਚਾਰੀਆਂ ਦੀ ਹਰ ਮਹੀਨੇ ਤਨਖਾਹ ਦਿੱਤੀ ਜਾਵੇਗੀ।

7. ਆਈ.ਈ.ਆਰ.ਟੀਜ਼./ ਡੀ.ਐਸ.ਈ. ਅਤੇ ਡੀ.ਐਸ.ਈ.ਟੀ. ਵੱਲੋਂ ਸਕੂਲ ਦੀ ਵਿਜ਼ਿਟ ਦੌਰਾਨ ਕੀਤੇ ਗਏ ਕੰਮ ਦਾ ਵੇਰਵਾ ਸਕੂਲ ਦੀ ਵਿਜ਼ਿਟਰ ਬੁੱਕ ਵਿੱਚ ਦਰਜ਼ ਕਰਨਾ ਲਾਜ਼ਮੀ ਹੋਵੇਗਾ। ਜੇਕਰ ਇਹਨਾਂ ਵੱਲੋਂ ਇਸ ਤਰ੍ਹਾਂ ਨਹੀਂ ਕੀਤਾ ਜਾਂਦਾ ਤਾਂ ਕਰਮਚਾਰੀ ਦੀ ਦਿਨ ਦੀ ਗੈਰ-ਹਾਜ਼ਰੀ ਮੰਨੀ ਜਾਵੇਗੀ।

8. **ਜਿਹਨਾਂ ਆਈ.ਈ.ਆਰ.ਟੀਜ਼. ਵੱਲੋਂ ਨਵੇਂ ਏ.ਟੀ.ਪੀ. ਫਾਰਮੈਟ ਅਨੁਸਾਰ ਸੂਚਨਾ ਭਰ ਕੇ ਨਹੀਂ ਦਿੱਤੀ ਜਾ ਰਹੀ ਅਤੇ ਇਸ ਅਨੁਸਾਰ ਆਪਣੀ ਡਿਊਟੀ ਨਹੀਂ ਨਿਭਾਈ ਜਾ ਰਹੀ ਉਹਨਾਂ ਕਰਮਚਾਰੀਆਂ ਦੀ ਮਿਤੀ 01.03.2018 ਤੋਂ ਤਨਖਾਹ ਜਾਰੀ ਨਹੀਂ ਕੀਤੀ ਜਾਵੇਗੀ।**

9. ਹਾਈ ਅਤੇ ਸੀਨਿਅਰ ਸੈਕੰਡਰੀ ਸਕੂਲਾਂ ਦੇ ਵਿਜ਼ਿਟ ਦੌਰਾਨ ਆਈ.ਈ.ਆਰ.ਟੀ. ਦੀ ਹਾਜ਼ਰੀ ਸਬੰਧੀ ਸਕੂਲ ਮੁੱਖੀ ਵੱਲੋਂ ਅਲੱਗ ਰਜ਼ਿਸਟਰ ਲਗਾਇਆ ਜਾਵੇਗਾ। ਇਸ ਰਜ਼ਿਸਟਰ ਵਿੱਚ ਕਰਮਚਾਰੀ ਵੱਲੋਂ ਆਪਣੀ ਵਿਜ਼ਿਟ ਦੌਰਾਨ ਸਕੂਲ ਵਿੱਚ ਆਉਣ ਅਤੇ ਜਾਣ ਦਾ ਸਮਾਂ ਲਿਖਿਆ ਜਾਵੇਗਾ ਅਤੇ ਸਬੰਧਤ ਰਜ਼ਿਸਟਰ ਸਕੂਲ ਮੁੱਖੀ ਦੀ ਨਿਗਰਾਨੀ ਵਿੱਚ ਰਹਿਣਾ ਲਾਜ਼ਮੀ ਹੋਵੇਗਾ।

10. ਮੰਗਲਵਾਰ ਅਤੇ ਵੀਰਵਾਰ ਨੂੰ ਕਲਸਟਰ ਪੱਧਰ ਤੇ ਤਾਇਨਾਤ ਆਈ.ਈ. ਵਲੰਟੀਅਰਜ਼ ਨੂੰ ਬਹੁਤ ਜਿਆਦਾ ਜਰੂਰਤ ਜਾਂ ਨਾ ਟਾਲਣ ਵਾਲੇ ਹਲਾਤਾਂ ਵਿੱਚ ਛੁੱਟੀ ਪ੍ਰਵਾਨ ਕੀਤੀ ਜਾਵੇ। ਕਿਉਂਕਿ ਸਬੰਧਤ ਦਿਨਾਂ ਵਿੱਚ ਆਈ.ਈ.ਆਰ.ਟੀ. ਵੱਲੋਂ mainstream ਵਿੱਚ ਪੜ੍ਹ ਰਹੇ ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਨੂੰ remedial coaching ਦੇਣ ਸਬੰਧੀ ਸਕੂਲਾਂ ਵਿੱਚ ਵਿਜ਼ਿਟ ਕੀਤੀ ਜਾਂਦੀ ਹੈ।

11. ਆਈ.ਈ.ਡੀ.ਐਸ.ਐਸ. ਅਧੀਨ 2 ਲੱਖ ਦੀ ਗ੍ਰਾਂਟ ਨਾਲ ਉਸਾਰੇ ਗਏ ਰਿਸੋਰਸ ਰੂਮ ਅਤੇ material ਕੇਵਲ CWSN ਬੱਚਿਆਂ ਦੇ ਬਹੁਪੱਖੀ ਵਿਕਾਸ ਹਿੱਤ ਵਰਤੋਂ ਕਰਨੀ ਯਕੀਨੀ ਬਣਾਈ ਜਾਵੇ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ,**
**ਪੰਜਾਬ**

**ਨੱਥੀ :-** Advance Tour Programe ਦਾ Format

# ਡਾਇਰੈਕਟਰ ਜਨਰਲ ਸਕੂਲ ਸਿੱਖਿਆ ਅਤੇ
## ਸਟੇਟ ਪ੍ਰਾਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥਾਰਟੀ (ਪੰਜਾਬ)

ਸਿੱਖਿਆ ਭਵਨ, ਪੀ.ਐਸ.ਈ.ਬੀ. ਕੰਪਲੈਕਸ, ਈ-ਬਲਾਕ, ਪੰਜਵੀਂ ਮੰਜ਼ਿਲ, ਫੇਜ਼-8, ਮੋਹਾਲੀ, ਈਮੇਲ: iertpunjabssa@gmail.com


ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿ.)
ਪੰਜਾਬ।

ਮੀਮੋ ਨੰ: ਆਈ.ਈ.ਡੀ./ਸਸਅ/2016/2016107 93-814
ਮਿਤੀ: 20.07.16

ਵਿਸ਼ਾ: **ਆਈ.ਈ.ਡੀ. ਕੰਪੋਨੈਂਟ ਨੂੰ ਸੁਚਾਰੂ ਢੰਗ ਨਾਲ ਚਲਾਉਣ ਸਬੰਧੀ ਹਦਾਇਤਾਂ।**

ਉਪਰੋਕਤ ਵਿਸ਼ੇ ਸਬੰਧੀ ਲਿਖਿਆ ਜਾਂਦਾ ਹੈ ਕਿ ਮੁੱਖ ਦਫਤਰ ਦੇ ਪੱਤਰ ਨੰ: ਐਸ.ਐਸ.ਏ./ ਆਈ.ਈ.ਡੀ./2012/84188-209 ਮਿਤੀ 22.08.2012, ਐਸ.ਐਸ.ਏ./ਆਈ.ਈ.ਡੀ./2012/ 84232-253 ਮਿਤੀ: 22.08.2012 ਅਤੇ ਆਈ.ਈ.ਡੀ./ਸਸਅ/2016/2016639-16660 ਮਿਤੀ: 11.01.2016 ਸਮੇਂ-ਸਮੇਂ ਤੇ ਭੇਜੀਆਂ ਹਦਾਇਤਾਂ ਦੀ ਲਗਾਤਾਰਤਾ ਵਿੱਚ ਆਈ.ਈ.ਡੀ. ਕੰਪੋਨੈਂਟ ਦੇ ਕੰਮ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਹੇਠ ਲਿਖੇ ਅਨੁਸਾਰ ਹਦਾਇਤ ਕੀਤੀ ਜਾਂਦੀ ਹੈ :-

***ਆਈ.ਈ.ਆਰ.ਟੀਜ਼ ਵੱਲੋਂ ਕੀਤੀ ਜਾਣ ਵਾਲੀਆਂ ਸਕੂਲ ਵਿਜ਼ਿਟਸ ਸਬੰਧੀ ਸ਼ਡਿਊਲ:-***

**1.** ***ਮੰਗਲਵਾਰ ਅਤੇ ਵੀਰਵਾਰ ਦਾ ਸ਼ਡਿਊਲ:-*** ਸਮੂਹ ਆਈ.ਈ.ਆਰ.ਟੀਜ਼ ਵੱਲੋਂ ਮੰਗਲਵਾਰ ਨੂੰ ਸਕੂਲਾਂ ਦੀਆਂ ਵਿਜ਼ਿਟਾਂ ਦੌਰਾਨ ਸਰਕਾਰ ਵੱਲੋਂ ਪ੍ਰਾਇਮਰੀ/ ਅੱਪਰ ਪ੍ਰਾਇਮਰੀ ਸਕੂਲਾਂ ਦੇ ਸਮੇਂ ਅਨੁਸਾਰ ਗਰਮੀਆਂ ਵਿੱਚ ਸਵੇਰੇ 8.00 ਵਜੇ ਤੋਂ 2.00 ਵਜੇ ਤੱਕ ਅਤੇ ਸਰਦੀਆਂ ਵਿੱਚ ਸਵੇਰੇ 9.00 ਵਜੇ ਤੋਂ 3.20 ਵਜੇ ਤੱਕ ਉਹਨਾਂ ਦੋ ਸਕੂਲਾਂ ਦਾ ਵਿਜ਼ਿਟ ਕੀਤਾ ਜਾਵੇਗਾ ਜਿਥੇ ਕਿ 5,6 ਜਾਂ ਇਸ ਤੋਂ ਵੱਧ ਵਿਸ਼ੇਸ਼ ਲੋੜਾਂ ਵਾਲੇ ਬੱਚੇ ਮੇਨਸਟ੍ਰੀਮ ਹਨ।ਜੇਕਰ ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਦੀ ਗਿਣਤੀ 3 ਜਾਂ 4 ਹੈ ਤਾਂ ਇਸ ਸੂਰਤ ਵਿੱਚ ਡਿਊਟੀ ਸਮੇਂ ਦੌਰਾਨ ਤਿੰਨ ਸਕੂਲਾਂ ਦਾ ਵਿਜ਼ਿਟ ਕੀਤਾ ਜਾਵੇਗਾ ਇਹਨਾਂ ਵਿਜ਼ਿਟਾਂ ਦੌਰਾਨ ਆਈ.ਈ.ਆਰ.ਟੀਜ਼ ਵੱਲੋਂ ਬੱਚਿਆਂ ਦੀ IEPs/ lesson plan ਮੈਨਟੇਨ ਕੀਤੀਆਂ ਜਾਣਗੀਆਂ ਅਤੇ ਉਸੀ ਅਨੁਸਾਰ ਬੱਚਿਆਂ ਦਾ remedial follow up ਕੀਤਾ ਜਾਵੇਗਾ ਅਤੇ ਸਬੰਧਤ ਅਧਿਆਪਕਾਂ ਨੂੰ ਵਿਸ਼ੇਸ਼ ਬੱਚਿਆਂ ਨੂੰ ਪੜ੍ਹਾਉਣ ਸਬੰਧੀ ਖਾਸ ਵਿਧੀਆਂ ਬਾਰੇ ਗਾਈਡ ਕਰਨਗੇ ਤਾਂ ਜੋ ਬੱਚਾ ਸਕੂਲ ਤੋਂ dropout ਨਾ ਕਰੇ। ਹਰ ਹਫ਼ਤੇ ਆਈ.ਈ.ਆਰ.ਟੀ. ਅਲੱਗ ਕਲਸਟਰ ਦੇ ਅਲੱਗ ਨਵੇਂ ਸਕੂਲਾਂ ਨੂੰ ਵਿਜ਼ਿਟ ਕਰਨਗੇ ਜਿਥੇ ਉਹਨਾਂ ਦੀ ਵਿਜ਼ਿਟ ਦੀ ਵਿਸ਼ੇਸ਼ ਬੱਚਿਆਂ ਨੂੰ ਲੋੜ ਹੋਵੇ। ਇਹਨਾਂ ਵਿਜ਼ਿਟ ਦਾ ਵੇਰਵਾ ਉਹ ਆਪਣੀ ATP ਵਿੱਚ ਪਹਿਲਾਂ ਤੋਂ ਹੀ ਦੇਣਗੇ ਤਾਂ ਜੋ IECs/DSEs ਇਹਨਾਂ ਵਿਜ਼ਿਟਸ ਸਬੰਧੀ ਪਹਿਲਾਂ ਤੋਂ ਜਾਣੂ ਰਹਿਣ।

**(ੳ)** ਵੀਰਵਾਰ ਨੂੰ ਗਰਮੀਆਂ ਵਿੱਚ 8.00 ਵਜੇ ਤੋਂ 11.00 ਵਜੇ ਤੱਕ ਅਤੇ ਇਸੇ ਤਰ੍ਹਾਂ ਹੀ ਸਰਦੀਆਂ ਵਿੱਚ 9.00 ਵਜੇ ਤੋਂ 12.00 ਵਜੇ ਤੱਕ ਆਈ.ਈ.ਡੀ.ਐਸ.ਐਸ. ਅਧੀਨ ਆਉਂਦੇ ਉਹਨਾਂ ਦੋ ਸਕੂਲਾਂ ਦਾ ਵਿਜ਼ਿਟ ਕੀਤਾ ਜਾਵੇਗਾ ਜਿਥੇ ਕਿ ਦੋ ਜਾਂ ਤਿੰਨ ਵਿਸ਼ੇਸ਼ ਲੋੜਾਂ ਵਾਲੇ ਬੱਚੇ ਹਨ। ਜੇਕਰ ਕਿਸੇ ਸਕੂਲ ਵਿੱਚ 5 ਤੋਂ 6 ਵਿਸ਼ੇਸ਼ ਲੋੜਾਂ ਵਾਲੇ ਬੱਚੇ ਹਨ ਤਾਂ ਇਸ ਸਥਿਤੀ ਵਿੱਚ ਕੇਵਲ ਇੱਕ ਸਕੂਲ ਦਾ ਵਿਜ਼ਿਟ ਕੀਤਾ ਜਾਵੇਗਾ।ਇਹਨਾਂ ਵਿਜ਼ਿਟਾਂ ਦੌਰਾਨ ਆਈ.ਈ.ਆਰ.ਟੀਜ਼ ਵੱਲੋਂ ਬੱਚਿਆਂ ਦੀਆਂ I.E.P./lesson plan ਮੈਨਟੇਨ ਕੀਤੇ ਜਾਣਗੇ ਅਤੇ ਉਸੀ ਅਨੁਸਾਰ ਬੱਚਿਆਂ ਦਾ remedial follow up ਕਰਨਗੇ ਅਤੇ ਸਬੰਧਤ ਅਧਿਆਪਕਾਂ ਨੂੰ ਵਿਸ਼ੇਸ਼ ਬੱਚਿਆਂ ਨੂੰ ਪੜ੍ਹਾਉਣ ਸਬੰਧੀ ਖਾਸ ਵਿਧੀਆਂ ਬਾਰੇ ਗਾਈਡ ਕਰਨਗੇ ।

(ਅ) ਆਈ.ਈ.ਆਰ.ਟੀਜ਼ ਵੱਲੋਂ ਦੁਪਹਿਰ ਦਾ ਸਮਾਂ 12.30 ਵਜੇ ਤੋਂ 3.30 ਵਜੇ ਤੱਕ ਸਰਦੀਆਂ ਵਿੱਚ ਗਰਮੀਆਂ ਵਿੱਚ ਦੁਪਹਿਰ 12.00 ਵਜੇ ਤੋਂ 2.30 ਵਜੇ ਤੱਕ ਆਈ.ਈ.ਆਰ.ਟੀਜ਼ ਵੱਲੋਂ ਇੱਕ cluster ਦੇ IEV ਦੇ ਤਿੰਨ HBE ਦੇ ਬੱਚਿਆਂ ਦਾ follow up ਕਰੇਗਾ ਜਿਸ ਵਿੱਚ ਸਬੰਧਤ IEV ਵੀ ਸ਼ਾਮਲ ਹੋਵੇਗਾ। ਇਸ ਨਿਰੀਖਣ ਦੌਰਾਨ IERT ਸਬੰਧਤ IEV ਦੇ ਕੰਮ ਦਾ ਜ਼ਾਇਜ਼ਾ ਲਵੇਗਾ, ਬੱਚੇ ਦੀ progress ਦੇਖੇਗਾ ਅਤੇ IEV ਨੂੰ ਅਗਲੇ 15 ਦਿਨਾਂ ਦੇ HBE ਦੇ ਟੀਚੇ ਦੇਵੇਗਾ। ਉਹ ਬੱਚੇ ਦੇ ਮਾਤਾ ਪਿਤਾ ਨੂੰ ਵੀ ਬੱਚੇ ਦੀ ਸਾਂਭ ਸੰਭਾਲ ਬਾਰੇ ਦੱਸੇਗਾ ਅਤੇ IEV ਦੇ ਕੰਮ ਕਾਜ/ visits ਬਾਰੇ ਵੀ ਪੜਤਾਲ ਕਰੇਗਾ ਅਤੇ HBE ਰਿਪੋਰਟ ਤੇ ਹਸਤਾਖਰ ਕਰੇਗਾ।ਅਗਲੇ ਵੀਰਵਾਰ ਨੂੰ IERT ਵੱਲੋਂ ਇਹ ਕਾਰਵਾਈ ਦੂਸਰੇ ਅਤੇ ਫਿਰ ਤੀਸਰੇ cluster ਲਈ rotation ਵਿੱਚ ਕੀਤੀ ਜਾਵੇਗੀ। ਇਸ ਤਰ੍ਹਾਂ ਹਰ ਹਫ਼ਤੇ ਇਹ activity ਇੱਕ IEV ਦੇ ਕੰਮ ਦੇ ਨਿਰੀਖਣ ਲਈ repeat ਕੀਤੀ ਜਾਵੇਗੀ।

3. ***ਬੁੱਧਵਾਰ ਦਾ ਸ਼ਡਿਊਲ:-*** ਸਮੂਹ ਆਈ.ਈ.ਆਰ.ਟੀਜ਼ ਵੱਲੋਂ ਬੁੱਧਵਾਰ ਨੂੰ ਆਮ ਦਿਨਾਂ ਦੀ ਤਰ੍ਹਾਂ ਡਿਊਟੀ ਕੀਤੀ ਜਾਵੇਗੀ। ਪਰੰਤੂ ਪਹਿਲੇ ਜਾਰੀ ਹਦਾਇਤਾਂ ਹਰ alternate ਬੁੱਧਵਾਰ (ਹਰ 15 ਦਿਨ ਬਾਅਦ) ਦੀ ਜਗ੍ਹਾਂ ਤੇ ਹੁਣ ਤੋਂ ਮਹੀਨੇ ਦੇ ਆਖਰੀ ਬੁੱਧਵਾਰ ਸਵੇਰੇ 9.00 ਵਜੇ ਤੋਂ 12.00 ਵਜੇ ਤੱਕ ਸਰਦੀਆਂ ਵਿੱਚ ਸਵੇਰੇ 8.00 ਵਜੇ ਤੋਂ 11.00 ਵਜੇ ਤੱਕ ਗਰਮੀਆਂ ਵਿੱਚ ਦਿੱਤੇ ਹੋਏ ਟਾਈਮ ਟੇਬਲ ਅਨੁਸਾਰ ਆਈ.ਈ.ਆਰ.ਟੀਜ਼ ਰਿਸੋਰਸ ਰੂਮ ਵਿੱਚ ਡਿਊਟੀ ਕਰਨਗੇ ਅਤੇ ਇਸ ਉਪਰੰਤ ਸਮੂਹ ਆਈ.ਈ.ਆਰ.ਟੀਜ਼ ਦੀ ਸਰਦੀਆਂ ਵਿੱਚ ਦੁਪਹਿਰ 1.00 ਵਜੇ ਤੋਂ 3.30 ਵਜੇ ਤੱਕ ਅਤੇ ਗਰਮੀਆਂ ਵਿੱਚ ਦੁਪਹਿਰ 12.00 ਵਜੇ ਤੋਂ 2.30 ਵਜੇ ਤੱਕ ਜਿ.ਸਿ.ਅ. (ਐ.ਸਿ.) ਦਫ਼ਤਰ ਵਿਖੇ ਜਾ ਕਿਸੇ ਹੋਰ venue ਤੇ ਮੀਟਿੰਗ ਹੋਵੇਗੀ ਜੋ ਆਈ.ਈ.ਡੀ. ਕੋਆਰਡੀਨੇਟਰ ਅਤੇ ਡੀ.ਐਸ.ਈ. ਲੈਣਗੇ। ਇਹ ਮੀਟਿੰਗ ਜਿ.ਸਿ.ਅ. (ਐ.ਸਿ.) ਅਤੇ ਡੀ.ਪੀ.ਸੀ. ਦੀ ਪ੍ਰਧਨਾਗੀ ਹੇਠ ਹੋਵੇਗੀ।

4. ***ਸ਼ਨੀਵਾਰ ਦਾ ਸ਼ਡਿਊਲ:-*** ਸਮੂਹ ਆਈ.ਈ.ਆਰ.ਟੀਜ਼ ਵੱਲੋਂ ਮਹੀਨੇ ਦੇ ਪਹਿਲੇ ਅਤੇ ਤੀਜੇ ਸ਼ਨੀਵਾਰ ਨੂੰ ਆਈ.ਈ.ਆਰ.ਟੀਜ਼ ਵੱਲੋਂ ਆਮ ਦਿਨਾਂ (ਸੋਮਵਾਰ, ਬੁੱਧਵਾਰ, ਸ਼ੁਕਰਵਾਰ) ਦੀ ਤਰ੍ਹਾਂ IERT ਵੱਲੋਂ ਰਿਸੋਰਸ ਰੂਮ/ HBE ਦੀ ਡਿਊਟੀ ਕੀਤੀ ਜਾਵੇਗੀ ਅਤੇ ਇਸ ਸਮੇਂ ਦੌਰਾਨ ਬਾਲ ਸਭਾ ਵੀ ਆਯੋਜਿਤ ਕੀਤੀ ਜਾਵੇਗੀ। ਮਹੀਨੇ ਦੇ ਆਖਰੀ ਸ਼ਨੀਵਾਰ ਨੂੰ ਸਰਦੀਆਂ ਵਿੱਚ ਸਵੇਰੇ 9.00 AM ਤੋਂ 12.30 PM ਤੱਕ ਰਿਸੋਰਸ ਰੂਮ ਵਿੱਚ ਡਿਊਟੀ ਉਪਰੰਤ ਦੁਪਹਿਰ 1.00 PM ਵਜੇ ਤੋਂ 3.30 PM ਵਜੇ ਤੱਕ Parent Teacher Meeting ਕੀਤੀ ਜਾਵੇਗੀ ਅਤੇ ਗਰਮੀਆਂ ਵਿੱਚ ਸਵੇਰੇ 8.00 AM ਵਜੇ ਤੋਂ 11.30 AM ਵਜੇ ਤੱਕ ਰਿਸੋਰਸ ਰੂਮ ਵਿੱਚ ਡਿਊਟੀ ਉਪਰੰਤ ਦੁਪਹਿਰ 12.00 Noon ਵਜੇ ਤੋਂ 2.30 PM ਵਜੇ ਤੱਕ Parent Teacher Meeting ਕੀਤੀ ਜਾਵੇਗੀ।ਜਿਸ ਸਬੰਧੀ ਸਾਰੇ ਮਾਤਾ ਪਿਤਾ ਨੂੰ ਸੂਚਨਾ ਦਿੱਤੀ ਜਾਵੇਗੀ ਤਾਂ ਜੋ ਵੱਧ ਤੋਂ ਵੱਧ parents ਇਹ ਮੀਟਿੰਗ ਅਟੈਂਡ ਕਰਨ। ਇਹ ਮੀਟਿੰਗ ਪਹਿਲੇ ਮਹੀਨੇ ਵਿੱਚ ਹੈਡਕੁਆਟਰ ਰਿਸੋਰਸ ਰੂਮ, ਦੂਜੇ ਮਹੀਨੇ ਵਿੱਚ ਸੈਕੰਡਰੀ ਰਿਸੋਰਸ ਰੂਮ ਅਤੇ ਇਸੇ ਤਰ੍ਹਾਂ ਹੀ ਤੀਜੇ ਮਹੀਨੇ ਵਿੱਚ ਤੀਸਰੇ ਰਿਸੋਰਸ ਰੂਮ ਵਿੱਚ ਕੀਤੀ ਜਾਵੇਗੀ। ਜਿਸ ਵਿੱਚ ਸਬੰਧਤ IERT/IEV ਮੌਜੂਦ ਹੋਣਗੇ ਅਤੇ ਸਾਰੇ ਰਿਸੋਰਸ ਰੂਮ ਦੇ ਬੱਚੇ/ ਉਹਨਾਂ ਦੇ ਮਾਤਾ ਪਿਤਾ ਅਤੇ ਸਬੰਧਤ ਕਲੱਸਟਰ ਦੇ ਸਾਰੇ HBE ਦੇ ਬੱਚੇ/ ਉਹਨਾਂ ਦੇ ਮਾਤਾ ਪਿਤਾ ਨੂੰ ਬੁਲਾਇਆ ਜਾਵੇਗਾ। ਇਸ ਮੀਟਿੰਗ ਵਿੱਚ ਸਾਰੇ ਬੱਚਿਆਂ ਦੀ IEPs ਚੈੱਕ ਕਰ ਕੇ ਪਿਛਲੀ Progress ਲਿਖੀ ਜਾਵੇਗੀ ਅਤੇ ਅਗਲੇ ਕੁਆਟਰ ਦੇ ਟੀਚੇ ਤਿਆਰ ਕੀਤੇ ਜਾਣਗੇ। ਮਾਤਾ-ਪਿਤਾ ਨੂੰ ਉਹਨਾਂ ਦੇ ਬੱਚਿਆਂ ਨੂੰ ਘਰ ਵਿੱਚ ਪੜ੍ਹਾਈ ਕਰਵਾਉਣ ਦੀਆਂ ਵਿਧੀਆਂ ਬਾਰੇ ਅਤੇ ਧਿਆਨ ਰੱਖਣਯੋਗ ਗੱਲਾਂ ਬਾਰੇ ਦੱਸਿਆ ਜਾਵੇਗਾ।DSE ਵਾਰੋ-ਵਾਰੀ ਹਰ ਕਲੱਸਟਰ/ ਬਲਾਕ ਵਿੱਚ ਆਯੋਜਿਤ ਹੋ ਰਹੀ ਮੀਟਿੰਗਾਂ ਦਾ ਨਿਰੀਖਣ ਕਰਨਗੇ।

ਉਪਰੋਕਤ ਹਦਾਇਤਾਂ ਤੁਰੰਤ ਲਾਗੂ ਹੋਣਗੀਆਂ। ਇਹਨਾਂ ਦੀ ਇੰਨ-ਬਿੰਨ ਪਾਲਣਾ ਨੂੰ ਯਕੀਨੀ ਬਣਾਇਆ ਜਾਵੇ।

**ਡਿਪਟੀ ਸਟੇਟ ਪ੍ਰਾਜੈਕਟ ਡਾਇਰੈਕਟਰ**
**ਸਰਵ ਸਿੱਖਿਆ ਅਭਿਆਨ ਅਥਾਰਟੀ**
**ਪੰਜਾਬ**

ਡਾਇਰੈਕਟਰ ਜਨਰਲ ਸਕੂਲ ਸਿੱਖਿਆ ਅਤੇ
ਸਟੇਟ ਪ੍ਰਾਜੈਕਟ ਡਾਇਰੈਕਟਰ ਸਰਵ ਸਿੱਖਿਆ ਅਭਿਆਨ ਅਥਾਰਟੀ (ਪੰਜਾਬ)
ਪੀ.ਐਸ.ਈ.ਬੀ. ਕੰਪਲੈਕਸ, ਈ-ਬਲਾਕ, ਪੰਜਵੀਂ ਮੰਜ਼ਿਲ, ਫੇਜ਼-8, ਮੋਹਾਲੀ, ਈਮੇਲ: iertpunjabssa@gmail.com

ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿ.)
ਪੰਜਾਬ।

ਮੀਮੋ ਨੰ: ਆਈ.ਈ.ਡੀ./ਸਸਅ/2016/16631 - 16660
ਮਿਤੀ: 11/1/2016

**ਵਿਸ਼ਾ: ਆਈ.ਈ.ਡੀ. ਕੰਪੋਨੈਂਟ ਨੂੰ ਸੁਚਾਰੂ ਢੰਗ ਨਾਲ ਚਲਾਉਣ ਸਬੰਧੀ ਹਦਾਇਤਾਂ।**

ਉਪਰੋਕਤ ਵਿਸ਼ੇ ਸਬੰਧੀ ਲਿਖਿਆ ਜਾਂਦਾ ਹੈ ਕਿ ਮੁੱਖ ਦਫਤਰ ਦੇ ਪੱਤਰ ਨੰ: ਐਸ.ਐਸ.ਏ./ਆਈ.ਈ.ਡੀ./2012/84188-209 ਮਿਤੀ 22.08.2012, ਐਸ.ਐਸ.ਏ./ਆਈ.ਈ.ਡੀ./2012/84232-253 ਮਿਤੀ: 22.08.2012 ਅਤੇ ਸਮੇਂ-ਸਮੇਂ ਤੇ ਭੇਜੀਆਂ ਹਦਾਇਤਾਂ ਦੀ ਲਗਾਤਾਰਤਾ ਵਿੱਚ ਆਈ.ਈ.ਡੀ. ਕੰਪੋਨੈਂਟ ਦੇ ਕੰਮ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਹੇਠ ਲਿਖੇ ਅਨੁਸਾਰ ਹਦਾਇਤ ਕੀਤੀ ਜਾਂਦੀ ਹੈ :-

1. ਸਮੂਹ ਆਈ.ਈ.ਡੀ. ਕੋਆਰਡੀਨੇਟਰ ਜ਼ਿਲ੍ਹਾ ਪੱਧਰ ਤੇ ਆਈ.ਈ.ਡੀ. ਦੀਆਂ ਸਾਰੀਆਂ ਗਤੀਵਿਧੀਆਂ ਨੂੰ ਸਹੀ ਢੰਗ ਨਾਲ ਲਾਗੂ ਕਰਨ, ਆਈ.ਈ.ਡੀ. ਦੇ ਗਤੀਵਿਧੀ ਵਾਈਜ਼ ਖਰਚੇ ਦਾ ਹਿਸਾਬ ਰੱਖਣ, ਸਮੇਂ ਤੇ ਗ੍ਰਾਂਟਾਂ ਖਰਚ ਕਰਨ, ਵਰਤੋਂ ਸਰਟੀਫਿਕੇਟ ਲੈਣ ਅਤੇ ਜ਼ਿਲ੍ਹਾ ਪੱਧਰ ਦੀ ਹਰ ਪ੍ਰਕਾਰ ਦੀ ਮਹੀਨੇਵਾਰ ਅਤੇ ਤਿਮਾਹੀ ਰਿਪੋਰਟਿੰਗ ਮੁੱਖ ਦਫਤਰ ਨੂੰ ਕਰਨ ਲਈ ਜ਼ਿੰਮੇਵਾਰ ਹੋਣਗੇ। ਸਮੂਹ ਡੀ.ਐਸ.ਈ. ਸਾਰੇ ਆਈ.ਈ.ਆਰ.ਟੀ. ਅਤੇ ਆਈ.ਈ. ਵਲੰਟੀਅਰਾਂ ਦੇ ਕੰਮ ਦੀ ਮਾਨੀਟਰਿੰਗ ਕਰਨ ਅਤੇ ਹਰ ਤਰ੍ਹਾਂ ਦੇ ਵਿਸ਼ੇਸ਼ ਬੱਚਿਆਂ ਨੂੰ ਸਹੀ ਢੰਗ ਨਾਲ ਪੜ੍ਹਾਉਣ ਸਬੰਧੀ ਟ੍ਰੇਨਿੰਗ ਦੇਣ, IEPs ਚੈੱਕ ਕਰਨ ਅਤੇ ਬੱਚਿਆਂ ਦੀ progress ਦਾ ਮੁਲਾਂਕਣ ਕਰਨ ਲਈ ਜ਼ਿੰਮੇਵਾਰ ਹੋਣਗੇ। ਸਮੂਹ ਫਿਜ਼ਿਉਥਰੈਪਿਸ਼ਟ ਆਪਣੇ ਨਿਰਧਾਰਿਤ ਜ਼ਿਲ੍ਹੇ ਦੇ ਸਾਰੇ ਵਿਸ਼ੇਸ਼ ਬੱਚੇ ਜਿਹਨਾਂ ਨੂੰ ਫਿਜ਼ਿਉਥਰੈਪੀ/ਸਰਜਰੀ ਦੀ ਲੋੜ ਹੈ, ਉਹਨਾਂ ਨੂੰ ਲੋੜੀਂਦੀ ਫਿਜ਼ਿਉਥਰੈਪੀ ਦੇਣ/ ਸਰਜਰੀ ਲਈ recommend ਕਰਨ ਲਈ ਜ਼ਿੰਮੇਵਾਰ ਹੋਣਗੇ। ਉਕਤ ਸਾਰੇ ਕਰਮਚਾਰੀ ਆਪਣੇ ਜ਼ਿਲ੍ਹੇ ਦੇ ਆਈ.ਈ.ਡੀ. ਕੋਆਡੀਨੇਟਰ ਅਧੀਨ ਕੰਮ ਕਰਨਗੇ ਅਤੇ ਉਸਨੂੰ ਪੂਰਾ ਸਹਿਯੋਗ ਦੇਣਗੇ।

2. ਸਮੂਹ ਆਈ.ਈ. ਵਲੰਟੀਅਰ, ਆਈ.ਈ.ਆਰ.ਟੀ., ਫਿਜ਼ਿਉਥਰੈਪਿਸਟ ਅਤੇ ਡੀ.ਐਸ.ਈ. ਦਾ ਪੂਰੇ ਮਹੀਨੇ ਦਾ ਐਡਵਾਂਸ ਟੂਰ ਪ੍ਰੋਗਰਾਮ (ATP) ਆਈ.ਈ.ਡੀ. ਕੋਆਰਡੀਨੇਟਰ ਅਤੇ ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿ.) ਵੱਲੋਂ ਕਾਉਂਟਰ ਸਾਈਨ ਕਰਵਾਕੇ ਮੁੱਖ ਦਫਤਰ ਦੀ E-mail ID :- iertpunjabssa@gmail.com ਤੇ ਹਰ ਮਹੀਨੇ ਦੇ ਆਖਰੀ ਹਫਤੇ ਵਿੱਚ (ਅਗਲੇ ਮਹੀਨੇ ਲਈ) ਭੇਜਿਆ ਜਾਵੇ। ਇਹ ATP ਮੁੱਖ ਦਫਤਰ ਵੱਲੋਂ ਪਹਿਲਾਂ ਭੇਜੇ ਗਏ ਫਾਰਮੈਟ ਅਨੁਸਾਰ ਟਾਈਪ ਹੋਣਾ

ਚਾਹੀਦਾ ਹੈ। ਕਾਉਂਟਰ ਸਾਈਨ ਕਰਵਾਉਣ ਉਪਰੰਤ ਮੁੱਖ ਦਫਤਰ ਵਿਖੇ ਡੀ.ਐਸ.ਈ., ਆਈ.ਈ.ਆਰ.ਟੀ. ਅਤੇ ਆਈ.ਈ.ਵੀ. ਦਾ ATP ਭੇਜਣ ਦੀ ਨਿਰੋਲ ਜ਼ਿੰਮੇਵਾਰੀ ਡੀ.ਐਸ.ਈ. ਦੀ ਹੋਵੇਗੀ ਅਤੇ ਫਿਜ਼ਿਉਥਰੈਪਿਸਟ ਦਾ ATP countersign ਉਪਰੰਤ ਈ-ਮੇਲ ਕਰਨ ਦੀ ਜ਼ਿੰਮੇਵਾਰੀ ਫਿਜ਼ਿਉਥਰੈਪਿਸਟ ਦੀ ਹੋਵੇਗੀ। ਇਸ ਦੇ ਨਾਲ ਹੀ ਆਈ.ਈ.ਆਰ.ਟੀਜ਼ ਦੇ ATP ਉਹਨਾਂ ਦੇ ਡਿਊਟੀ ਹੇਠ ਆਉਂਦੇ ਸਾਰੇ ਰਿਸੋਰਸ ਸੈਂਟਰਾਂ ਵਿੱਚ ਰੱਖਿਆ ਹੋਣਾ ਚਾਹੀਦਾ ਹੈ। ATP ਵਿੱਚ ਆਈ.ਈ.ਆਰ.ਟੀ./ਆਈ.ਈ.ਵਲੰਟੀਅਰ ਵੱਲੋਂ ਉਹਨਾਂ ਦੇ ਬਲਾਕ/ਕਲਸਟਰ ਵਿੱਚ ਫਿਜ਼ਿਓਥਰੈਪਿਸਟ ਵੱਲੋਂ ਲਗਾਏ ਜਾਣ ਵਾਲੇ ਫਿਜ਼ਿਓਥਰੈਪੀ ਕੈਂਪ ਦਾ ਵੇਰਵਾ ਦਿੱਤਾ ਜਾਣਾ ਯਕੀਨੀ ਬਣਾਇਆ ਜਾਵੇ।

3. ਹਰ ਮਹੀਨੇ ਡੀ.ਐਸ.ਈ. ਵੱਲੋਂ ਜ਼ਿਲ੍ਹੇ ਦੇ ਸਾਰੇ ਆਈ.ਈ. ਵਲੰਟੀਅਰ ਅਤੇ ਆਈ.ਈ.ਆਰ.ਟੀ. ਦੀ 20 ਦਿਨ ਵੱਖ-ਵੱਖ ਬਲਾਕਾਂ/ਕਲਸਟਰਾਂ ਦੀ ਵਿਜ਼ਿਟ ਕੀਤੀ ਜਾਵੇਗੀ, ਜਿਸ ਦੌਰਾਨ ਡੀ.ਐਸ.ਈ. ਰਿਸੋਰਸ ਰੂਮ ਅਤੇ ਹੋਮ ਬੇਸਡ ਸਿੱਖਿਆ ਦੇ ਬੱਚਿਆਂ ਨੂੰ ਸਹੀ ਢੰਗ ਨਾਲ ਪੜ੍ਹਾਉਣ ਦੇ ਤਰੀਕਿਆਂ ਸਬੰਧੀ ਅਤੇ ਟੀਚਿਆਂ ਸਬੰਧੀ IERTs/IEVs ਨੂੰ ਸੇਧ ਦੇਣਗੇ, ਆਈ.ਈ.ਪੀਜ਼ ਚੈੱਕ ਕਰਨਗੇ, TLM ਦੀ quantity, quality ਅਤੇ ਵਰਤੋਂ ਦੇਖਣਗੇ, ਕਮੀਆਂ ਦੂਰ ਕਰਾਉਣਗੇ ਅਤੇ ਇਹ ਯਕੀਨੀ ਬਣਾਉਣਗੇ ਕਿ ਰਿਸੋਰਸ ਰੂਮ ਵਿੱਚ ਵਿਸ਼ੇਸ਼ ਬੱਚਿਆਂ ਦੀ ਜ਼ਰੂਰਤ ਅਨੁਸਾਰ ਸਾਰੀਆਂ ਸਹੂਲਤਾਵਾਂ ਮੁਹੱਈਆ ਹੋ ਰਹੀਆਂ ਹੋਣ ਅਤੇ ਕੇਵਲ ਉਹ ਬੱਚੇ ਹੀ ਰਿਸੋਰਸ ਰੂਮ ਵਿੱਚ ਹੋਣ ਜਿਹੜੇ ਹਾਲੇ mainstream ਵਿੱਚ ਨਹੀਂ ਚੱਲ ਸਕਦੇ ਹਨ। ਬਾਕੀ ਬੱਚਿਆਂ ਨੂੰ ਉਹਨਾਂ ਦੀ ਉਮਰ ਅਤੇ ਕਾਬਲੀਅਤ (level) ਅਨੁਸਾਰ mainstream ਕਰਵਾਇਆ ਜਾਵੇ।

4. ਡੀ.ਐਸ.ਈ. ਵੱਲੋਂ ਯਕੀਨੀ ਬਣਾਇਆ ਜਾਵੇਗਾ ਕਿ IERTs/IEVs ਦੇ ਸਹਿਯੋਗ ਨਾਲ ਵਿਸ਼ੇਸ਼ ਜ਼ਰੂਰਤਾਂ ਵਾਲੇ ਬੱਚਿਆਂ ਨੂੰ ਸਰਕਾਰ ਵੱਲੋਂ ਦਿੱਤੀਆਂ ਜਾ ਰਹੀਆਂ ਸਹੂਲਤਾਵਾਂ ਮਿਲ ਗਈਆਂ ਹਨ, ਜਿਵੇਂ:- ਬਸ ਪਾਸ, ਰੇਲ ਪਾਸ, ਡਿਸਏਬਿਲਟੀ ਸਰਟੀਫਿਕੇਟ, ਵਜੀਫਾ, ਪੈਨਸ਼ਨ, ਆਦਿ।

5. ਜ਼ਿਲ੍ਹੇ ਵਿੱਚ ਚਲ ਰਹੇ ਐਸ.ਆਰ.ਸੀ. ਵਿੱਚ ਡੀ.ਐਸ.ਈ. ਆਪਣੀ ਵਿਸ਼ੇਸ਼ ਭੂਮਿਕਾ ਨਿਭਾਉਂਦੇ ਹੋਏ ਸੈਂਟਰ ਨੂੰ ਵਧੀਆ ਢੰਗ ਨਾਲ ਚਲਾਉਣ ਵਿੱਚ IERTs/IEVs ਦੀ ਸਹਾਇਤਾ ਕਰਨਗੇ। ਡੀ.ਐਸ.ਈ. ਵੱਲੋਂ ਹਰ ਮਹੀਨੇ ਸੈਂਟਰ ਦੀ ਪ੍ਰਗਤੀ ਰਿਪੋਰਟ ਤਿਆਰ ਕੀਤੀ ਜਾਵੇਗੀ ਜਿਸ ਵਿੱਚ ਬੱਚਿਆਂ ਵੱਲੋਂ ਪ੍ਰਾਪਤ ਕੀਤੇ ਟੀਚੇ, ਅਗਲੇ ਮਹੀਨੇ ਦੇ ਟੀਚੇ, ਖੇਡਾਂ ਅਤੇ ਵੋਕੇਸ਼ਨਲ ਗਤੀਵਿਧੀਆਂ ਆਦਿ ਵਿੱਚ ਪ੍ਰਾਪਤੀਆਂ ਸਬੰਧੀ ਹਰ ਮਹੀਨੇ ਦੀ ਆਖਰੀ ਮਿਤੀ ਤੱਕ ਮੁੱਖ ਦਫਤਰ ਦੀ ਉਪਰੋਕਤ ਈ-ਮੇਲ ਤੇ ਸੂਚਿਤ ਕੀਤਾ ਜਾਵੇਗਾ।

6. ਆਈ.ਈ.ਡੀ. ਕੰਪੋਨੈਂਟ ਅਧੀਨ ਜ਼ਿਲ੍ਹੇ ਵਿੱਚ IERTs/IEVs ਦੀ ਸਹਾਇਤਾ ਨਾਲ ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਵੱਲੋਂ vocational training ਲਗਾਈ ਜਾਂਦੀ ਹੈ, ਖਾਸਕਰ ਦਿਵਾਲੀ ਤੋਂ ਪਹਿਲਾਂ candle making ਦਾ ਕੰਮ ਕੀਤਾ ਜਾਂਦਾ ਹੈ, Assessment Camps/ Distribution Camps/ Disability Certificate Camps ਲਗਾਏ ਜਾਂਦੇ ਹਨ, DISE Data Collection, ਵਿਸ਼ੇਸ਼ ਖੇਡਾਂ ਅਤੇ ਸਭਿਆਚਾਰਕ ਪ੍ਰੋਗਰਾਮਾਂ ਦੀਆਂ ਤਿਆਰੀਆਂ ਅਤੇ ਸਮਾਰੋਹ ਆਯੋਜਿਤ ਕੀਤੇ ਜਾਂਦੇ ਹਨ, ਸਲਾਨਾ ਪਲਾਨ ਫਾਰਮੈਟਸ ਭਰਨ ਸਬੰਧੀ ਗਤੀਵਿਧੀਆਂ ਹੁੰਦੀਆਂ ਹਨ ਅਤੇ ਹੋਰ ਅਜਿਹੇ ਕੰਮ ਕੀਤੇ ਜਾਂਦੇ ਹਨ। ਆਈ.ਈ.ਡੀ. ਦੀਆਂ ਉਕਤ ਸਾਰੀਆਂ ਗਤੀਵਿਧੀਆਂ ਕਰਨ ਵਿੱਚ ਡੀ.ਐਸ.ਈ. ਪੂਰੀ ਜ਼ਿੰਮੇਵਾਰੀ ਨਾਲ ਆਈ.ਈ.ਡੀ. ਕੋਆਰਡੀਨੇਟਰ ਦਾ ਸਹਿਯੋਗ ਦੇਣਗੇ ਅਤੇ ਇਹਨਾਂ ਦਿਨਾਂ ਦੌਰਾਨ ਕੇਵਲ ਉਨੇ ਸਮੇ ਲਈ ਸਕੂਲ ਵਿਜ਼ਿਟ ਕਰਨ ਤੋਂ ਛੋਟ ਹੋਵੇਗੀ। ਉਕਤ ਗਤੀਵਿਧੀਆਂ ਵਿੱਚ ਡੀ.ਐਸ.ਈ. ਦੇ ਸਹਿਯੋਗ ਸਬੰਧੀ

date-wise ਰਿਪੋਰਟ ਮੁੱਖ ਦਫਤਰ ਨੂੰ ਉਕਤ ਈ-ਮੇਲ ਤੇ ਭੇਜੀ ਜਾਵੇਗੀ ਤਾਂ ਜੋ ਉਸ ਮਹੀਨੇ ਦੇ ATP ਨਾਲ ਛੋਟ ਸਬੰਧੀ ਮਿਲਾਨ ਕੀਤਾ ਜਾ ਸਕੇ।

7. SRC/ਰਿਸੋਰਸ ਰੂਮਾਂ ਵਿੱਚ enrolled ਬੱਚਿਆਂ ਦੀ ਰੋਜ਼ਾਨਾ ਹਾਜਰੀ ਸਮੂਹ IERTs ਵੱਲੋਂ DSE ਨੂੰ ਸਵੇਰੇ 9:30 ਵਜੇ SMS/WhatsApp ਰਾਹੀਂ ਭੇਜਣੀ ਯਕੀਨੀ ਬਨਾਉਣਗੇ। ਫਿਜ਼ਿਉਥਰੈਪਿਸਟ, ਡੀ.ਐਸ.ਈ., ਆਈ.ਈ.ਆਰ.ਟੀ. ਅਤੇ ਆਈ.ਈ.ਵਲੰਟੀਅਰ ਆਪਣੀ ਛੁੱਟੀ ਸਬੰਧੀ ਸਵੇਰੇ 9:00 ਵਜੇ ਤੱਕ IEC ਨੂੰ SMS/WhatsApp ਰਾਹੀਂ ਸੂਚਿਤ ਕਰਨਗੇ। ਜ਼ੁਬਾਨੀ ਦਿੱਤੇ ਗਏ ਉਪਰੋਕਤ ਸੰਦੇਸ਼ਾਂ ਦੀ ਕੋਈ ਅਹਿਮੀਅਤ ਨਹੀਂ ਹੋਵੇਗੀ।

8. ਡੀ.ਐਸ.ਈ. ਅਤੇ ਫਿਜ਼ਿਊਥਰੈਪਿਸਟ ਆਪਣੀ ਸਵੇਰੇ ਅਤੇ ਸ਼ਾਮ ਦੀ ਹਾਜ਼ਰੀ ਆਪਣੇ ATP ਅਨੁਸਾਰ ਵਿਜ਼ਿਟ ਕਰਨ ਵਾਲੇ ਸਟੇਸ਼ਨ/ਸਕੂਲ ਦੇ ਨੇੜੇ ਦੇ ਦਫਤਰ (DEO/ BPEO ਦਫਤਰ) ਵਿਖੇ ਲੱਗੀ Biometric Machine ਵਿੱਚ ਲਗਾਉਣਗੇ।

9. ਫਿਜ਼ਿਉਥਰੈਪਿਸਟ ਦੇ ਕੰਮ ਕਰਨ ਦਾ ਸਮਾਂ ਸਵੇਰੇ 9:00 ਤੋਂ ਸ਼ਾਮ 4:00 ਵਜੇ ਤੱਕ ਸੋਮਵਾਰ ਤੋਂ ਸ਼ਨੀਵਾਰ ਹੋਵੇਗਾ। ਫਿਜ਼ਿਉਥਰੈਪਿਸਟ ਆਪਣਾ ਪਹਿਲਾ ਕੈਂਪ ਸਵੇਰੇ 9:00 ਤੋਂ 11:30 ਵਜੇ ਤੱਕ ਇੱਕ ਬਲਾਕ/ਕਲਸਟਰ ਵਿੱਚ ਅਤੇ ਦੂਸਰਾ ਕੈਂਪ 12:30 ਤੋਂ 3:00 ਵਜੇ ਤੱਕ ਦੂਸਰੇ ਕਲਸਟਰ ਵਿੱਚ ਲਗਾਉਣਗੇ। ਸ਼ਾਮ 3:00 ਵਜੇ ਤੋਂ 4:00 ਵਜੇ ਤੱਕ ਉਹ ਨੇੜਲੇ ਬਲਾਕ/ਜ਼ਿਲ੍ਹਾ ਸਿੱਖਿਆ ਦਫਤਰ ਵਿਖੇ ਕੈਂਪ ਸਬੰਧੀ ਰਿਕਾਰਡ ਮੁਕੰਮਲ ਕਰਨਗੇ ਅਤੇ ਮੁੱਖ ਦਫਤਰ ਨੂੰ ਉਸ ਦਿਨ ਦੇ ਕੈਂਪਾਂ ਵਿੱਚ ਬੱਚਿਆਂ ਦੀ ਹਾਜ਼ਰੀ ਸਬੰਧੀ ਨਿਰਧਾਰਿਤ ਫਾਰਮੈਟ ਵਿੱਚ ਰਿਪੋਰਟ ਭੇਜਣਗੇ। ਇਸ ਤਰ੍ਹਾਂ ਉਹ ਰੋਟੇਸ਼ਨ ਵਿੱਚ ਸਾਰੇ ਕਲਸਟਰ ਕਵਰ ਕਰਨਗੇ ਅਤੇ ਸਾਰੇ ਬਲਾਕਾਂ ਦੇ ਬੱਚਿਆਂ ਨੂੰ ਰੋਟੇਸ਼ਨ ਵਿੱਚ ਕਵਰ ਕਰਨਾ ਇਨ੍ਹਾਂ ਦੀ ਜ਼ਿੰਮੇਵਾਰੀ ਹੋਵੇਗੀ।

**10.** ਸਮੂਹ ਡੀ.ਐਸ.ਈਜ਼ ਵੱਲੋਂ ਆਪਣੀ ਰੋਜਾਨਾ ਚੈਕਿੰਗ ਰਿਪੋਰਟ ਅਨੁਲੱਗ **'ੳ'** ਨੱਥੀ ਫਾਰਮੈਟ ਅਨੁਸਾਰ ਅਤੇ ਇਸੇ ਤਰ੍ਹਾਂ ਹੀ ਆਈ.ਈ.ਡੀ. ਕੋਆਰਡੀਨੇਟਰ ਵੱਲੋਂ ਆਈ.ਈ.ਆਰ.ਟੀਜ਼, ਆਈ.ਈ.ਵਲੰਟੀਅਰਜ਼, ਫਿਜ਼ਿਓਥਰੈਪਿਸਟ ਅਤੇ ਡੀ.ਐਸ.ਈਜ਼ ਦੇ ਕੰਮਾਂ ਸਬੰਧੀ ਨਿਰੀਖਣ ਰਿਪੋਰਟ ਅਨੁਲੱਗ **'ਅ'** ਤੇ ਨੱਥੀ ਫਾਰਮੈਟ ਅਨੁਸਾਰ ਰਿਪੋਰਟਾਂ ਉਪਰੋਕਤ ਈ-ਮੇਲ ਤੇ ਭੇਜੀ ਜਾਵੇ ਅਤੇ ਇਸ ਦੇ ਨਾਲ ਹੀ ਚੈਕਿੰਗ ਕਰਤਾ ਵੱਲੋਂ ਰਿਪੋਰਟ ਵਿੱਚ ਚੈਕਿੰਗ ਸਬੰਧੀ remarks ਦੇਣਾ ਜ਼ਰੂਰੀ ਹੈ।

11. ਸਮੂਹ ਆਈ.ਈ.ਆਰ.ਟੀ. ਪਹਿਲਾਂ ਭੇਜੇ ਸ਼ਡਿਊਲ ਵਿੱਚ ਦਰਸ਼ਾਈ ਸਕੂਲ ਵਿਜ਼ਿਟ ਸ਼ਨੀਵਾਰ ਦੀ ਥਾਂ ਤੇ ਹੁਣ ਦੋ ਦਿਨ ਮੰਗਲਵਾਰ ਅਤੇ ਵੀਰਵਾਰ ਨੂੰ ਕਰਨਗੇ। **ਸੋਮਵਾਰ, ਬੁੱਧਵਾਰ, ਸ਼ੁੱਕਰਵਾਰ ਅਤੇ ਸ਼ਨੀਵਾਰ** ਨੂੰ ਨਿਰਧਾਰਤ ਰਿਸੋਰਸ ਰੂਮਾਂ ਵਿੱਚ ਹਾਜ਼ਰੀ ਦੇਣਗੇ। ਸਕੂਲ ਵਿਜ਼ਿਟਸ ਦੌਰਾਨ ਆਈ.ਈ.ਆਰ.ਟੀ. ਸਿੱਖਿਆ ਬਲਾਕ ਦੇ ਉਹਨਾਂ ਸਕੂਲਾਂ ਵਿੱਚ ਵਿਜ਼ਿਟ ਕਰਨਗੇ ਜਿੱਥੇ ਆਈ.ਈ.ਡੀ. ਅਤੇ ਆਈ.ਈ.ਡੀ.ਐਸ.ਐਸ. ਅਧੀਨ ਕਵਰ ਕੀਤੇ ਜਾਂਦੇ ਵਿਸ਼ੇਸ਼ ਲੋੜਾਂ ਵਾਲੇ ਵਿਦਿਆਰਥੀ ਦਾਖਲ ਹਨ।

12. ਸਕੂਲ ਵਿਜ਼ਿਟਸ ਦੌਰਾਨ ਆਈ.ਈ.ਆਰ.ਟੀ. ਵਿਸ਼ੇਸ਼ ਲੋੜਾਂ ਵਾਲੇ ਵਿਦਿਆਰਥੀਆਂ ਦੀ ਆਈ.ਈ.ਪੀ. ਤਿਆਰ ਕਰਨਗੇ, ਸਕੂਲ ਅਧਿਆਪਕਾਂ ਨਾਲ ਰਾਬਤਾ ਕਰਨਗੇ, ਬੱਚੇ ਦੀ ਕੋਈ

behavior problem ਹੈ ਤਾਂ ਉਸ ਨਾਲ deal ਕਰਨ ਸਬੰਧੀ guide ਕਰਨਗੇ, ਲੋੜੀਂਦੇ ਗੋਲ/ਟੀਚੇ ਤੈਅ ਕਰਨਗੇ ਅਤੇ ਨਿਰਧਾਰਿਤ ਟੀਚਿਆਂ ਨੂੰ ਪ੍ਰਾਪਤ ਕਰਨ ਲਈ ਸਕੂਲ ਅਧਿਆਪਕ ਦੀ ਸਹਾਇਤਾ ਕਰਨਗੇ ਤਾਂ ਜੋ ਬੱਚਾ ਆਪਣੀ ਸਕੂਲੀ ਸਿੱਖਿਆ ਸਹੀ ਢੰਗ ਨਾਲ ਮੁਕੰਮਲ ਕਰ ਸਕੇ।

ਉਪਰੋਕਤ ਹਦਾਇਤਾਂ ਤੁਰੰਤ ਲਾਗੂ ਹੋਣਗੀਆਂ। ਇਹਨਾਂ ਦੀ ਇੰਨ-ਬਿੰਨ ਪਾਲਣਾ ਨੂੰ ਯਕੀਨੀ ਬਣਾਇਆ ਜਾਵੇ।

ਸਟੇਟ ਪ੍ਰਾਜੈਕਟ ਡਾਇਰੈਕਟਰ
ਸਰਵ ਸਿੱਖਿਆ ਅਭਿਆਨ ਅਥਾਰਟੀ
ਪੰਜਾਬ।

# ਡਾਇਰੈਕਟਰ ਜਨਰਲ ਸਕੂਲ ਸਿੱਖਿਆ ਅਤੇ
# ਸਟੇਟ ਪ੍ਰਾਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥਾਰਟੀ (ਪੰਜਾਬ)

ਪੀ.ਐਸ.ਈ.ਬੀ. ਕੰਪਲੈਕਸ, ਈ-ਬਲਾਕ, ਪੰਜਵੀਂ ਮੰਜ਼ਿਲ, ਫੇਜ਼-8, ਮੋਹਾਲੀ, ਈਮੇਲ: iedpunjabssa@gmail.com

ਵੱਲ

**ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿੱ), ਪੰਜਾਬ।**
**ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿੱ), ਪੰਜਾਬ।**

ਮੀਮੋ ਨੰ: ਆਈ.ਈ.ਡੀ./ਸਸਅ/2017/7459-02 ਮਿਤੀ : 17/07/2017

ਵਿਸ਼ਾ :- **ਡੀ.ਐਸ.ਈ.ਟੀ. ਦੇ ਕੰਮਾਂ ਅਤੇ ਆਈ.ਈ.ਡੀ./ ਆਈ.ਈ.ਡੀ.ਐਸ.ਐਸ. ਸਕੀਮਾਂ ਨੂੰ ਸੁਚਾਰੂ ਢੰਗ ਨਾਲ ਚਲਾਉਣ ਸਬੰਧੀ ਦਿਸ਼ਾ ਨਿਰਦੇਸ਼।**

ਆਈ.ਈ.ਡੀ. ਅਤੇ ਆਈ.ਈ.ਡੀ.ਐਸ.ਐਸ. ਸਕੀਮਾਂ ਵੱਖ-ਵੱਖ ਉਮਰ ਗੁੱਟ ਦੇ ਦਿਵਿਆਂਗ ਬੱਚਿਆਂ ਨੂੰ support services ਦੇਣ ਅਤੇ ਸਿੱਖਿਆ ਦੀ ਮੁੱਖ ਧਾਰਾ ਨਾਲ ਜੋੜਨ ਦੇ ਮੰਤਵ ਨਾਲ ਚਲਾਈਆਂ ਜਾ ਰਹੀਆਂ ਹਨ। ਆਈ.ਈ.ਡੀ. ਸਕੀਮ ਅਧੀਨ 6-14 ਸਾਲ ਦੇ ਸਕੂਲਾਂ ਵਿੱਚ ਦਾਖਲ ਅਤੇ ਸਕੂਲੋਂ ਵਿਰਵੇ ਦਿਵਿਆਂਗ ਬੱਚਿਆਂ ਨੂੰ ਵੱਖ-ਵੱਖ ਗਤੀਵਿਧੀਆਂ ਦੁਆਰਾ ਸਰਵ ਸਿੱਖਿਆ ਅਭਿਆਨ ਅਧੀਨ ਸਹਾਇਤਾ ਦਿੱਤੀ ਜਾਂਦੀ ਹੈ। ਇਸ ਕੰਪੋਨੈਂਟ ਅਧੀਨ ਜ਼ਿਲ੍ਹਾ ਸਪੈਸ਼ਲ ਐਜੂਕੇਟਰ (ਜ਼ਿਲ੍ਹਾ ਪੱਧਰ ਤੇ), ਆਈ.ਈ.ਆਰ.ਟੀ. (ਬਲਾਕ ਪੱਧਰ ਤੇ) ਅਤੇ ਆਈ.ਈ. ਵਲੰਟੀਅਰ (ਕਲਸਟਰ ਪੱਧਰ ਤੇ) ਕੰਮ ਕਰ ਰਹੇ ਹਨ। ਇਸੇ ਤਰ੍ਹਾਂ ਆਈ.ਈ.ਡੀ.ਐਸ.ਐਸ. ਸਕੀਮ 9ਵੀਂ ਤੋਂ 12ਵੀਂ ਜਮਾਤਾਂ ਦੇ ਸਰਕਾਰੀ ਅਤੇ ਏਡਿਡ ਸਕੂਲਾਂ ਵਿੱਚ ਪੜ੍ਹਦੇ ਦਿਵਿਆਂਗ ਵਿਦਿਆਰਥੀਆਂ ਲਈ ਰਾਸ਼ਟਰੀ ਮਾਧਮਿਕ ਸਿੱਖਿਆ ਅਭਿਆਨ ਅਧੀਨ ਚਲਾਈ ਜਾ ਰਹੀ ਹੈ। ਇਸ ਸਕੀਮ ਅਧੀਨ ਜ਼ਿਲ੍ਹਾ ਸਪੈਸ਼ਲ ਐਜੂਕੇਸ਼ਨ ਟੀਚਰਜ਼ ਜ਼ਿਲ੍ਹਾ ਪੱਧਰ ਤੇ ਨਿਯੁਕਤ ਹਨ। DSETs ਬਲਾਕ ਤੇ ਕਲਸਟਰ ਪੱਧਰ ਤੇ ਸਰਵ ਸਿੱਖਿਆ ਅਭਿਆਨ ਅਧੀਨ ਕੰਮ ਕਰਦੇ ਆਈ.ਈ.ਆਰ.ਟੀ. ਅਤੇ ਆਈ.ਈ. ਵੰਲਟੀਅਰਾਂ ਤੋਂ ਆਪਣੇ ਕੰਮ ਵਿੱਚ ਲੋੜ ਅਨੁਸਾਰ ਸਹਿਯੋਗ ਲੈਣਗੇ।

ਇਹਨਾਂ ਦੋਵੇਂ ਸਕੀਮਾਂ ਵਿੱਚ ਦਿਵਿਆਂਗ ਬੱਚਿਆਂ/ਵਿਦਿਆਰਥੀਆਂ ਨੂੰ ਦਿੱਤੀਆਂ ਜਾਣ ਵਾਲੀਆਂ ਸਹੂਲਤਾਂ, ਅਤੇ ਗਤੀਵਿਧੀਆਂ ਲਗਭਗ ਇੱਕੋ ਜਿਹੀਆਂ ਹਨ। ਇਸ ਲਈ ਸਾਲ 2017-18 ਤੋਂ ਦੋਵੇਂ ਸਕੀਮਾਂ ਅਧੀਨ ਨਿਯੁਕਤ ਕਰਮਚਾਰੀ ਦੋਵੇਂ ਸਕੀਮਾਂ ਦਾ ਇੱਕਠਾ ਕੰਮ ਵੇਖਣਗੇ। ਵੱਖ-ਵੱਖ ਕੈਟਾਗਰੀ ਦੇ ਕਰਮਚਾਰੀਆਂ ਦੀਆਂ ਡਿਊਟੀਆਂ ਹੇਠ ਲਿਖੇ ਅਨੁਸਾਰ ਤੈਅ ਕੀਤੀਆਂ ਜਾਂਦੀਆਂ ਹਨ। ਇਹ ਹਦਾਇਤਾਂ ਮੁੱਖ ਦਫਤਰ ਵੱਲੋਂ ਪਹਿਲਾਂ ਸਮੇਂ-ਸਮੇਂ ਤੇ ਭੇਜੀਆਂ ਗਈਆਂ ਹਦਾਇਤਾਂ ਦੀ ਲਗਾਤਾਰਤਾ ਵਿੱਚ ਜਾਰੀ ਕੀਤੀਆਂ ਜਾ ਰਹੀਆਂ ਹਨ:-

## I. ਡੀ.ਐਸ.ਈ./ ਡੀ.ਐਸ.ਈ.ਟੀ. ਦੇ ਕੰਮਾਂ ਸਬੰਧੀ :-

1. ਸਮੂਹ DSE/DSET ਆਪਣੇ ਜ਼ਿਲ੍ਹੇ ਦੇ ਆਈ.ਈ.ਆਰ.ਟੀਜ਼ ਦੇ ਸਹਿਯੋਗ ਨਾਲ ਸਕੂਲਾਂ ਤੋਂ ਵਿਰਵੇ ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਦੀ ਸਹੀ ਢੰਗ ਨਾਲ ਸ਼ਨਾਖਤ ਕਰਨੀ ਯਕੀਨੀ ਬਨਾਉਣਗੇ ਅਤੇ ਉਹਨਾਂ ਨੂੰ ਢੁੱਕਵੀਂ ਸਿੱਖਿਆ ਦੇ ਖੇਤਰ ਵਿੱਚ ਲਿਆਉਣ ਅਤੇ ਸਿੱਖਿਆ ਦਵਾਉਣ ਲਈ ਜ਼ਿੰਮੇਵਾਰ ਹੋਣਗੇ।

2. ਸਮੂਹ DSE/DSET ਸਾਰੇ ਆਈ.ਈ.ਆਰ.ਟੀ. ਅਤੇ ਆਈ.ਈ. ਵਲੰਟੀਅਰਾਂ ਦੇ 0-14 ਅਤੇ 14+ age group ਦੇ ਬੱਚਿਆਂ ਸਬੰਧੀ ਕੰਮ ਦੀ ਮਾਨੀਟਰਿੰਗ ਕਰਨ ਅਤੇ ਵਿਸ਼ੇਸ਼ ਬੱਚਿਆਂ ਨੂੰ ਪੜ੍ਹਾਉਣ ਸਬੰਧੀ ਟ੍ਰੇਨਿੰਗ ਦੇਣ ਅਤੇ ਹਰ ਪ੍ਰਕਾਰ ਨਾਲ CWSN ਨੂੰ ਸਹੀ ਢੰਗ ਨਾਲ ਸਿੱਖਿਆ ਦਿਵਾਉਣ ਲਈ ਜ਼ਿੰਮੇਵਾਰ ਹੋਣਗੇ ਅਤੇ ਆਈ.ਈ.ਡੀ. ਕੋਆਰਡੀਨੇਟਰ (ਜੇ ਹੋਵੇ) ਨੂੰ ਪੂਰਾ ਸਹਿਯੋਗ ਦੇਣਗੇ।

3. DSET ਹਰ ਮਹੀਨੇ ਇਹ ਚੈੱਕ ਕਰਨਗੇ ਕਿ ਆਈ.ਈ.ਆਰ.ਟੀ. ਪਹਿਲਾਂ ਤੋਂ ਬਣਾਏ Advance Tour Program (ATP) ਅਨੁਸਾਰ ਆਈ.ਈ.ਡੀ.ਐਸ.ਐਸ. ਦੇ ਬੱਚਿਆਂ ਸਬੰਧੀ ਨਿਰਧਾਰਤ ਸਕੂਲ/ਰਿਸੋਰਸ ਰੂਮ ਵਿਜ਼ਿਟ ਕਰ ਰਹੇ ਹਨ ਜਾਂ ਨਹੀਂ।

4. DSET ਵਲੋਂ ਆਪਣੀ ਅਗਾਂਊ ਵਿਜ਼ਿਟ ਸਬੰਧੀ ਹਰ ਮਹੀਨੇ ਦਾ Advance Tour Program (ATP) ਤਿਆਰ ਕੀਤਾ ਜਾਵੇਗਾ ਅਤੇ ਮੁੱਖ ਦਫਤਰ ਦੀ email ID <iedpunjabssa@gmail.com> ਤੇ ਹਰ ਮਹੀਨੇ ਦੇ ਆਖਰੀ ਵੀਰਵਾਰ ਨੂੰ ਭੇਜਣਾ ਯਕੀਨੀ ਬਣਾਇਆ ਜਾਵੇਗਾ।

5. DSE/DSET ਮਹੀਨੇ ਵਿੱਚ ਘੱਟੋ ਘੱਟ 15 ਦਿਨ ਸਕੂਲ/RR/HBE ਵਿਜ਼ਿਟ ਕਰਨਗੇ ਅਤੇ ਬੱਚਿਆਂ ਦੀ progress ਦੇਖਣਗੇ। ਇਸ ਵਿਜ਼ਿਟ ਦੋਰਾਨ ਉਹ ਆਈ.ਈ.ਆਰ.ਟੀ. ਅਤੇ ਸਬੰਧਤ ਸਕੂਲ ਦੇ ਅਧਿਆਪਕਾਂ ਨੂੰ ਦਿਵਿਆਂਗ ਬੱਚਿਆਂ ਨੂੰ ਪੜ੍ਹਾਉਣ, curriculum adaptation ਅਤੇ TLM ਤਿਆਰ ਕਰਨ ਵਿੱਚ ਪੂਰਾ ਸਹਿਯੋਗ ਦੇਣਗੇ ਅਤੇ ਸਕੂਲ ਦੇ ਮੁਖੀਆਂ/ਅਧਿਆਪਕਾਂ, ਬੱਚਿਆਂ ਦੇ ਮਾਤਾ-ਪਿਤਾ ਅਤੇ community members ਨੂੰ sensitize ਵੀ ਕਰਨਗੇ। DSE/DSET ਵਲੋਂ ਆਪਣੀ ਹਰ ਵਿਜ਼ਿਟ ਸਬੰਧੀ ਰਿਕਾਰਡ ਰੱਖਿਆ ਜਾਵੇਗਾ ਪ੍ਰਫਾਰਮੇ ਵਿੱਚ ਦਰਜ ਕੀਤੀ ਜਾਵੇਗੀ ਅਤੇ ਜਿਹੜੇ ਸਕੂਲ ਵਿੱਚ ਵਿਜ਼ਿਟ ਕੀਤੀ ਹੋਵੇ, ਉਸ ਸਕੂਲ ਦੇ ਮੁਖੀ ਵੱਲੋ ਵਿਜ਼ਿਟ ਦੌਰਾਨ ਕੀਤੀ ਗਈ ਕਾਰਵਾਈ ਨੂੰ verify ਕੀਤਾ ਜਾਵੇਗਾ। DSE/DSET ਵਲੋਂ ਸਕੂਲ ਦੀ ਵਿਜ਼ਿਟਰ ਬੁੱਕ ਵਿੱਚ ਆਪਣੀ ਵਿਜ਼ਿਟ ਸਬੰਧੀ ਵੇਰਵੇ ਵੀ ਦਰਜ ਕੀਤੇ ਜਾਣਗੇ।

6. DSE/DSET ਵਲੋਂ ਆਈ.ਈ.ਆਰ.ਟੀ. ਅਤੇ ਆਈ.ਈ.ਵੀ. ਦੀ ਰਿਸੋਰਸ ਰੂਮ/ਸਕੂਲ ਵਿਜ਼ਿਟ/HBE ਚੈਕ ਕੀਤੀ ਜਾਵੇਗੀ ਅਤੇ ਬੱਚੇ ਨੂੰ ਦਿੱਤੀ ਜਾਣ ਵਾਲੀ support ਨੂੰ ਨਿਰੰਤਰ monitor ਕੀਤਾ ਜਾਵੇਗਾ। DSE/DSET ਉਹਨਾਂ ਦੀ capacity building ਕਰਨਗੇ ਭਾਵ ਟ੍ਰੇਨਿੰਗ ਦੇਣਗੇ ਅਤੇ ਆਈ.ਈ.ਆਰ.ਟੀ. ਨੂੰ IEDSS ਸਕੀਮ ਦੀਆਂ ਗਤੀਵਿਧੀਆਂ ਲਾਗੂ ਕਰਨ ਵਿੱਚ ਪੂਰਾ ਸਹਿਯੋਗ ਵੀ ਦੇਣਗੇ।

7. DSE/DSET ਸਬੰਧਤ ਆਈ.ਈ.ਆਰ.ਟੀ. ਨਾਲ ਮਿਲ ਕੇ ਇਹ ਯਕੀਨੀ ਬਨਾਉਣਗੇ ਕਿ 0-14 ਅਤੇ 14+ ਉਮਰ ਗੁੱਟ ਦੇ ਹਰ ਸ਼ਨਾਖਤ ਕੀਤੇ ਦਿਵਿਆਂਗ ਬੱਚੇ ਦੀ ਡਿਸਏਬਿਲਟੀ ਅਤੇ ਲੋੜ ਅਨੁਸਾਰ ਮਾਹਿਰਾਂ ਤੋਂ assessment ਕਰਵਾਈ ਗਈ ਹੈ। DSE/DSET ਇਹ ਵੀ ਯਕੀਨੀ ਬਨਾਉਣਗੇ ਕਿ 0-14 ਅਤੇ 14+ ਉਮਰ ਗੁੱਟ ਦੇ ਜ਼ਿਲ੍ਹੇ ਦੇ ਸਾਰੇ ਦਿਵਿਆਂਗ ਬੱਚਿਆਂ ਨੂੰ ਸਰਕਾਰ ਵਲੋਂ ਦਿੱਤੀਆਂ ਜਾਣ ਵਾਲੀਆਂ ਸਾਰੀਆਂ ਸਹੂਲਤਾਂ ਜਿਵੇਂ ਕਿ ਡਿਸਏਬਿਲਟੀ ਸਰਟੀਫਿਕੇਟ, ਬੱਸ ਪਾਸ, ਰੇਲ ਪਾਸ, ਵਜੀਫਾ, ਸਹਾਇਤਾ ਸਮੱਗਰੀ ਆਦਿ ਮੁੱਹਈਆ ਕਰਵਾਈਆਂ ਜਾ ਰਹੀਆਂ ਹਨ। DSET ਆਪਣੇ ਜ਼ਿਲ੍ਹੇ ਦੇ ਆਈ.ਈ.ਆਰ.ਟੀਜ਼. ਦੇ ਸਹਿਯੋਗ ਨਾਲ ਯਕੀਨੀ ਬਨਾਉਣਗੇ ਕਿ ਅੱਠਵੀਂ ਪਾਸ ਕਰਨ ਉਪਰੰਤ ਸ਼ਨਾਖਤ ਕੀਤੇ ਦਿਵਿਆਂਗ ਵਿਦਿਆਰਥੀਆਂ ਨੂੰ ਨੇੜੇ ਦੇ ਹਾਈ/ ਸੀਨੀਅਰ ਸੈਕੰਡਰੀ ਸਕੂਲ ਦੀ 9ਵੀਂ ਜਮਾਤ ਵਿੱਚ ਦਾਖਲ ਕਰਵਾਉਣਾ ਯਕੀਨੀ ਬਣਾਇਆ ਜਾਵੇ।

8. DSE/DSET ਇਹ ਯਕੀਨੀ ਬਨਾਉਣਗੇ ਕਿ ਪੂਰੇ ਜ਼ਿਲ੍ਹੇ ਵਿੱਚ 0-14 ਅਤੇ 14+ ਉਮਰ ਦੇ ਗੁੱਟ ਦਿਵਿਆਂਗ ਬੱਚਿਆਂ ਦੀ assessment ਲਈ ਢੁੱਕਵੇਂ assessment tools ਦੀ ਵਰਤੋਂ ਕੀਤੀ ਜਾ ਰਹੀ ਹੈ।

9. DSE/DSET ਇਹ ਵੀ ਯਕੀਨੀ ਬਨਾਉਣਗੇ ਕਿ ਆਈ.ਈ.ਡੀ./ਆਈ.ਈ.ਡੀ.ਐਸ.ਐਸ. ਸਕੀਮਾਂ ਅਧੀਨ ਕਵਰ ਹੁੰਦੇ ਦਿਵਿਆਂਗ ਵਿਦਿਆਰਥੀਆਂ ਵਲੋਂ ਸਕੂਲੀ ਸਿੱਖਿਆ ਦੇ ਨਾਲ-ਨਾਲ co-curricular activities ਅਤੇ ਖੇਡਾਂ ਵਿੱਚ ਵੀ ਭਾਗ ਲਿਆ ਜਾ ਰਿਹਾ ਹੈ ਤਾਂ ਜੋ ਇਹਨਾਂ ਬੱਚਿਆਂ ਦਾ ਸਰਵ ਪੱਖੀ ਵਿਕਾਸ ਸੰਭਵ ਹੋ ਸਕੇ।

10. ਜਿਹਨਾਂ ਜ਼ਿਲ੍ਹਿਆਂ ਵਿੱਚ DSE ਜਾਂ DSET ਦੀ ਕੇਵਲ ਇਕ ਅਸਾਮੀ ਭਰੀ ਹੋਈ ਹੈ ਉੱਥੇ ਉਸ ਕਰਮਚਾਰੀ (DSE ਜਾਂ DSET) ਵੱਲੋਂ ਜ਼ਿਲੇ ਦੀਆਂ ਸਮੂਹ IED/IEDSS ਦੀਆਂ ਗਤੀਵਿਧੀਆਂ ਲਾਗੂ ਕੀਤੀਆਂ ਜਾਣਗੀਆਂ ਅਤੇ ਮਾਨੀਟਰਿੰਗ ਕੀਤੀ ਜਾਵੇਗੀ।

ਜਨਰਲ ਹਦਾਇਤਾਂ :-

1. DSE/DSET ਦੇ ਕੰਮ ਦਾ ਸਮਾਂ ਸੋਮਵਾਰ ਤੋਂ ਸ਼ੁੱਕਰਵਾਰ ਸਵੇਰੇ 9.00 ਵਜੇ ਤੋਂ ਸ਼ਾਮ 5.00 ਵਜੇ ਤੱਕ ਹੋਵੇਗਾ।
2. ਫੀਲਡ ਵਿਜ਼ਿਟ ਦੌਰਾਨ DSE/DSET ਆਪਣੇ ATP ਅਨੁਸਾਰ ਆਪਣੀ ਵਿਜ਼ਿਟ ਸਬੰਧਤ ਮੁੱਖੀ ਕੋਲੋਂ ਤਸਦੀਕ ਕਰਵਾਕੇ ਆਪਣੀ ਹਾਜ਼ਰੀ ਦਾ ਰਿਕਾਰਡ ਰੱਖਣਗੇ।
3. ਸਕੂਲ, ਰਿਸੋਰਸ ਰੂਮ ਅਤੇ HBE ਦੌਰਾਨ DSE/DSET ਵਲੋਂ ਨਜ਼ਦੀਕ ਪੈਂਦੇ ਸਿੱਖਿਆ ਵਿਭਾਗ ਦੇ ਕਿਸੇ ਵੀ ਦਫਤਰ/ਸੰਸਥਾ ਵਿੱਚ Biometric ਹਾਜ਼ਰੀ ਲਗਾਈ ਜਾ ਸਕਦੀ ਹੈ। ਬਾਕੀ ਦਿਨਾਂ ਦੀ biometric ਹਾਜ਼ਰੀ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿੱ) ਦੇ ਦਫਤਰ ਵਿਖੇ ਲਗਾਉਣੀ ਯਕੀਨੀ ਬਣਾਈ ਜਾਵੇ।
4. DSE/DSET ਉੱਤੇ ਸਸਅ/ਰਮਸਾ ਅਧੀਨ ਕੰਮ ਕਰਦੇ contractual ਸਟਾਫ ਦੇ ਨਿਯਮ ਲਾਗੂ ਹੋਣਗੇ।
5. DSE/DSET ਨੂੰ ਛੁੱਟੀਆਂ ਸਸਅ/ਰਮਸਾ ਅਧੀਨ ਕੰਮ ਕਰਦੇ contractual ਸਟਾਫ ਦੀ ਤਰਜ਼ ਤੇ ਹੀ ਮਿਲਣਗੀਆਂ।
6. DSET ਰਮਸਾ ਨੂੰ ਸਕੂਲ ਵਿਜ਼ਿਟ ਕਰਨ ਲਈ ਸਰਵ ਸਿੱਖਿਆ ਅਭਿਆਨ ਅਧੀਨ ਨਿਯੁਕਤ DSE ਦੀ ਤਰਜ਼ ਤੇ ਰਮਸਾ ਤੋਂ ਟੀ.ਏ. ਦਿੱਤਾ ਜਾਵੇਗਾ।
7. DSE/DSET/IERT ਦੀ ਇਹ ਨਿੱਜੀ ਜ਼ਿੰਮੇਵਾਰੀ ਹੋਵੇਗੀ ਕਿ ਉਹਨਾਂ ਵਲੋਂ ਇਸ ਅਹੁਦੇ ਤੇ ਕੰਮ ਕਰਦੇ ਸਮੇਂ ਸਪੈਸ਼ਲ ਐਜੂਕੇਸ਼ਨ ਵਿੱਚ ਹਾਸਿਲ ਕੀਤੀ ਡਿਗਰੀ ਜਾਂ ਡਿਪਲੋਮਾ RCI ਤੋਂ ਰਜਿਸਟ੍ਰਡ ਹੋਵੇ ਅਤੇ valid ਹੋਵੇ।
8. DSE/DSET ਇਹ ਯਕੀਨੀ ਬਣਾਉਣਗੇ ਕਿ ਰਿਸੋਰਸ ਰੂਮ/ ਸਕੂਲ ਵਿਜ਼ਿਟ ਕਰਨ ਸਮੇਂ ਆਈ.ਈ.ਆਰ.ਟੀ./ਆਈ.ਈ. ਵਲੰਟੀਅਰ ਨੂੰ ਕੇਵਲ ਮੋਟੀਵੇਟ ਕੀਤਾ ਜਾਵੇ ਅਤੇ ਉਹਨਾਂ ਦੀਆਂ ਕਮੀਆਂ ਵਿੱਚ ਸੁਧਾਰ ਲਿਆਉਣ ਦੀ ਕੋਸ਼ਿਸ਼ ਕੀਤੀ ਜਾਵੇ, ਨਾ ਕਿ ਵਿਜ਼ਿਟ ਦੌਰਾਨ ਇਹਨਾਂ ਕਰਮਚਾਰੀਆਂ ਉੱਤੇ ਰੋਅਬ ਪਾਇਆ ਜਾਵੇ ਅਤੇ ਚੈਕਿੰਗ ਦੀ ਨੀਤੀ ਤੋਂ ਗੁਰੇਜ਼ ਕੀਤਾ ਜਾਵੇ)
9. ਸਮੂਹ DSET RMSA ਅਧੀਨ ਆਉਂਦੇ ਬੱਚਿਆਂ ਨੂੰ ਲੋੜ ਅਨੁਸਾਰ ਵੋਕੇਸ਼ਨਲ ਪ੍ਰਾਜੈਕਟ ਵਿੱਚ ਲਿਆਉਣ ਦੀ ਕੋਸ਼ਿਸ਼ ਕਰਨਗੇ।

**II. ਸਟੇਟ ਸਪੈਸ਼ਲ ਏਜੂਕੇਟਰ ਸਬੰਧੀ:-**

ਸਟੇਟ ਸਪੈਸ਼ਲ ਐਜੂਕੇਟਰ ਵੱਲੋਂ ਜ਼ਿਲ੍ਹਿਆਂ ਵਿੱਚ ਆਈ.ਈ.ਡੀ. ਕੰਪੋਨੈਂਟ ਅਧੀਨ ਕੰਮ ਕਰਦੇ ਸਟਾਫ (ਡੀ.ਐਸ.ਈ., ਫਿਜ਼ਿਥਰੈਪਿਸਟ, ਆਈ.ਈ.ਆਰ.ਟੀ. ਅਤੇ ਆਈ.ਈ.ਵੀ.) ਦੇ ਕੰਮ ਦੀ ਮਾਨੀਟਰਿੰਗ ਕੀਤੀ ਜਾਵੇਗੀ। ਐਸ.ਐਸ.ਈ.ਡੀ. ਵੱਲੋਂ ਵੀ ਹਰ ਮਹੀਨੇ ਵਿੱਚ ਘੱਟੋ-ਘੱਟ 15 ਦਿਨ ਵੱਖ-ਵੱਖ ਜ਼ਿਲ੍ਹਿਆਂ ਦੇ ਸਕੂਲ/ਰਿਸੋਰਸ ਰੂਮ/ਐਚ.ਬੀ.ਈ. ਵਿਜ਼ਿਟ ਕੀਤੇ ਜਾਣਗੇ ਅਤੇ ਬੱਚਿਆਂ ਦੀ ਟੀਚਿਆਂ ਅਨੁਸਾਰ progress, ਸਟਾਫ ਦੀ ATP ਅਨੁਸਾਰ attendance ਅਤੇ time table ਅਨੁਸਾਰ ਕੰਮ, TLM ਆਦਿ ਦੀ ਸਹੀ ਵਰਤੋਂ, IEPs ਸਹੀ ਬਣੀਆਂ ਹਨ, ਉਹਨਾਂ ਦੀ validity ਅਤੇ updation ਅਤੇ ਰਿਸੋਰਸ ਰੂਮ ਦੇ

ਬੱਚਿਆਂ ਦੀ ਸਕੂਲ ਵਿੱਚ enrolment, attendance ਅਤੇ mainstreaming ਆਦਿ ਦਾ ਨਿਰੀਖਣ ਕੀਤਾ ਜਾਵੇਗਾ।

ਐਸ.ਐਸ.ਈ.ਡੀ. ਵੱਲੋਂ ਹਰ ਹਫਤੇ ਦੀ consolidated ਰਿਪੋਰਟ ਹਰ ਸ਼ੁੱਕਰਵਾਰ ਨੂੰ ਉੱਚ ਅਧਿਕਾਰੀਆਂ ਨੂੰ ਭੇਜੀ ਜਾਵੇਗੀ।

**III. <u>ਆਈ.ਈ.ਆਰ.ਟੀਜ਼ ਸਬੰਧੀ:-</u>**

1. ਸਰਵ ਸਿੱਖਿਆ ਅਭਿਆਨ ਅਧੀਨ ਨਿਯੁਕਤ ਹੋਏ ਸਮੂਹ ਆਈ.ਈ.ਆਰ.ਟੀਜ਼. ਸਕੂਲ/ਬਲਾਕ ਪੱਧਰ ਤੇ ਸਮੂਹ ਆਈ.ਈ.ਡੀ./ਆਈ.ਈ.ਡੀ.ਐਸ.ਐਸ. ਦੀਆਂ ਗਤੀਵਿਧੀਆਂ ਲਈ ਜ਼ਿੰਮੇਵਾਰ ਹੋਣਗੇ।
2. ਆਈ.ਈ.ਆਰ.ਟੀਜ਼ ਆਪਣੇ ਅਧੀਨ ਸਮੂਹ ਸਕੂਲਾਂ ਵਿੱਚ ਪੜ੍ਹਦੇ ਦਿਵਿਆਂਗ ਬੱਚਿਆਂ ਅਤੇ ਸਕੂਲੋਂ ਵਿਰਵੇ ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਦੀ ਪਛਾਣ ਕਰਨੀ, assessment ਕਰਵਾਉਣੀ, ਸਹਾਇਤਾ ਸਮੱਗਰੀ ਦਵਾਉਣੀ, ਸਕੂਲਾਂ ਵਿੱਚ ਦਾਖਲਾ ਕਰਵਾਉਣਾ, ਇਨ੍ਹਾਂ ਦਿਵਿਯਾਂਗ ਵਿਦਿਆਰਥੀਆਂ ਨੂੰ ਮਿਆਰੀ ਸਿੱਖਿਆ ਪ੍ਰਦਾਨ ਕਰਵਾਉਣਾ, therapy services ਦਿਵਾਉਣੀਆਂ, ਢੁੱਕਵੇਂ Writer/Reader ਦਾ ਪ੍ਰਬੰਧ ਕਰਨਾ, ਇੰਨਕਲੂਸਿਵ ਖੇਡਾਂ ਅਤੇ co-curricular activities ਲਈ ਤਿਆਰੀ ਕਰਵਾਉਣਾ ਅਤੇ ਭਾਗ ਦਿਵਾਉਣਾ, ਵਿਭਾਗ ਅਤੇ ਸਰਕਾਰ ਵੱਲੋਂ ਦਿੱਤੀਆਂ ਜਾਣ ਵਾਲੀਆਂ ਸਹੂਲਤਾਂ ਦਿਵਾਉਣਾ, ਆਦਿ ਲਈ ਜ਼ਿੰਮੇਵਾਰ ਹੋਣਗੇ। ਜਿਹੜੇ ਵਿਦਿਆਰਥੀ drop-out ਦੀ ਕਗਾਰ ਤੇ ਖੜ੍ਹੇ ਹਨ, ਉਹਨਾਂ ਨੂੰ Open School ਜਾਂ ਵੋਕੇਸ਼ਨਲ ਸਿੱਖਿਆ ਵਿੱਚ enroll ਕਰਾਉਣੇਗੇ।
3. ਆਈ.ਈ.ਆਰ.ਟੀ. ਵਲੋਂ 14+ ਉਮਰ ਗੁੱਟ ਦੇ ਦਿਵਿਆਂਗ ਬੱਚਿਆਂ ਲਈ IEP ਤਿਆਰ ਕਰਨ ਸਮੇਂ ਬੱਚੇ ਦੀ ਡਿਸਏਬਿਲਟੀ ਅਨੁਸਾਰ ਉਸ ਲਈ ਸਹੀ ਵੋਕੇਸ਼ਨਲ ਵਿਸ਼ੇ ਦੀ ਵੀ ਚੋਣ ਕੀਤੀ ਜਾਵੇਗੀ ਅਤੇ ਇਸ ਸਬੰਧੀ ਪਲਾਨ ਤਿਆਰ ਕਰਕੇ IEP ਵਿੱਚ ਦਰਜ ਕੀਤਾ ਜਾਵੇਗਾ। DSET ਨੂੰ ਸਬੰਧਤ IERT ਵੱਲੋਂ ਅਜਿਹੇ ਬੱਚਿਆਂ ਦੀ ਲਿਸਟ ਦਿੱਤੀ ਜਾਵੇਗੀ। DSET ਵੱਲੋਂ ਇਹਨਾਂ ਬੱਚਿਆਂ ਨੂੰ ਢੁੱਕਵੀਂ ਵੋਕੇਸ਼ਨਲ ਸਿੱਖਿਆ ਦੇਣ ਦਾ ਇੰਤਜਾਮ ਕੀਤਾ ਜਾਵੇਗਾ ਅਤੇ ਇੰਤਜਾਮ ਨਾ ਹੋਣ ਦੀ ਸੂਰਤ ਵਿੱਚ ਮੁੱਖ ਦਫਤਰ ਨੂੰ ਲਿਖਤੀ ਸੂਚਿਤ ਕੀਤਾ ਜਾਵੇਗਾ।
4. IEPs ਵਿੱਚ ਆਈ.ਈ.ਆਰ.ਟੀ. ਵੱਲੋਂ ਲਏ ਗਏ ਟੀਚਿਆਂ ਦਾ ਹਰ ਤਿਮਾਹੀ ਮੁਲਾਂਕਣ ਕੀਤਾ ਜਾਵੇਗਾ। ਮੁਲਾਂਕਣ ਉਪਰੰਤ ਪ੍ਰੋਗਰੈਸ ਰਿਪੋਰਟ ਅਤੇ ਅਗਲੀ ਤਿਮਾਹੀ ਦੇ ਟੀਚਿਆਂ ਦੀ ਕਾਪੀ ਆਈ.ਈ.ਆਰ.ਟੀ. ਤੋਂ ਇਲਾਵਾ ਸਕੂਲ ਦੇ ਮੁੱਖੀ ਅਤੇ ਬੱਚੇ ਦੇ ਮਾਤਾ-ਪਿਤਾ ਕੋਲ ਮੌਜੂਦ ਹੋਣੀ ਲਾਜ਼ਮੀ ਹੋਵੇਗੀ।
5. ਸਕੂਲ ਵਿਜ਼ਿਟ ਦੌਰਾਨ ਆਈ.ਈ.ਆਰ.ਟੀ. ਉਹਨਾਂ 8ਵੀਂ ਤੋਂ 12ਵੀਂ ਵਿੱਚ ਪੜ੍ਹਦੇ ਦਿਵਿਆਂਗ ਬੱਚਿਆਂ ਦੀ ਸ਼ਨਾਖਤ ਵੀ ਕਰਨਗੇ ਜਿਹਨਾਂ ਨੂੰ ਰਿਸੋਰਸ ਰੂਮ ਸਹਾਇਤਾ ਦੀ ਲੋੜ ਹੈ ਅਤੇ ਬੱਚੇ ਨੂੰ ਰਿਸੋਰਸ ਰੂਮ ਵਿੱਚ ਛੱਡਣ ਅਤੇ ਰਿਸੋਰਸ ਰੂਮ ਤੋਂ ਬਾਅਦ ਸਕੂਲ ਵਿੱਚ ਲੈਕੇ ਜਾਣ ਦਾ ਪ੍ਰਬੰਧ ਕੀਤਾ ਜਾਵੇਗਾ।ਇੱਥੇ ਇਹ ਸਪਸ਼ਟ ਕੀਤਾ ਜਾਂਦਾ ਹੈ ਕਿ ਨੌਵੀਂ ਤੋਂ ਬਾਰ੍ਹਵੀਂ ਜਮਾਤਾਂ ਵਿੱਚ ਪੜ੍ਹਦੇ ਦਿਵਿਆਂਗ ਵਿਦਿਆਰਥੀਆਂ ਨੂੰ ਰਿਸੋਰਸ ਰੂਮ ਸਹਾਇਤਾ ਦਿੱਤੀ ਜਾ ਸਕਦੀ ਹੈ। ਇਸ ਲਈ ਆਈ.ਈ.ਆਰ.ਟੀ. ਆਪਣੀ ਸਕੂਲ ਵਿਜ਼ਿਟ ਦੌਰਾਨ ਦਿਵਿਆਂਗ ਵਿਦਿਆਰਥੀ ਦੀ ਪ੍ਰਗਤੀ ਬਾਰੇ ਅਧਿਆਪਕ ਨਾਲ ਰਾਬਤਾ ਕਰਣਗੇ, ਅਗਰ ਕਿਸੇ ਵਿਦਿਆਰਥੀ ਨੂੰ curriculum/adapted curriculum ਨੂੰ ਗ੍ਰਹਿਣ ਕਰਨ ਵਿੱਚ ਕੋਈ ਦਿੱਕਤ ਆ ਰਹੀ ਹੋਵੇ ਤਾਂ ਆਈ.ਈ.ਆਰ.ਟੀ. ਅਧਿਆਪਕ ਨੂੰ TLM ਜਾਂ ਪੜ੍ਹਾਉਣ ਦੇ ਨਵੇਂ ਢੰਗ ਦੱਸਣਗੇ, ਭਾਵ ਵਿਸ਼ੇਸ਼ ਲੋੜਾਂ ਵਾਲੇ ਵਿਦਿਆਰਥੀਆਂ ਦੀਆਂ ਉਹਨਾਂ ਦੇ ਸਿਲੇਬਸ ਅਨੁਸਾਰ ਵਰਕਸ਼ੀਟਾਂ ਤਿਆਰ ਕਰਵਾ ਕੇ ਸਿਲੇਬਸ ਕਵਰ ਕਰਵਾਉਣ ਵਿੱਚ ਮਦਦ ਕਰਨਗੇ ਅਤੇ ਕਰਵਾਇਆ ਗਿਆ ਕੰਮ ਬੱਚੇ ਦੀ ਫਾਈਲ ਵਿੱਚ ਰੱਖਣਗੇ, ਤਾਂ ਜੋ ਇਹ ਵਿਦਿਆਰਥੀ ਵੀ ਜਮਾਤ ਵਿੱਚ ਕਰਵਾਏ ਜਾ ਰਹੇ ਕੰਮ ਨੂੰ ਗ੍ਰਹਿਣ ਕਰ ਸਕਣ।

6. ਆਈ.ਈ.ਆਰ.ਟੀ. ਅਗਰ ਇਹ ਮਹਿਸੂਸ ਕਰਦਾ ਹੈ ਕਿ ਵਿਦਿਆਰਥੀ ਨੂੰ individual attention ਦੇਣ ਦੀ ਜਰੂਰਤ ਹੈ ਤਾਂ ਕੁੱਝ ਸਮੇਂ ਲਈ ਦਿਵਿਆਂਗ ਵਿਦਿਆਰਥੀ ਨੂੰ ਉਹਨਾਂ ਦੇ ਸਕੂਲ ਦੇ ਨੇੜੇ ਦੇ ਰਿਸੋਰਸ ਰੂਮ ਵਿੱਚ ਲਿਜਾ ਕੇ resource room support ਦਿੱਤੀ ਜਾ ਸਕਦੀ ਹੈ ਪ੍ਰੰਤੂ ਉਸ ਵਿਦਿਆਰਥੀ ਦੀ IEP ਵਿੱਚ ਸਪਸ਼ਟ ਦਰਜ ਕੀਤਾ ਜਾਵੇ ਕਿ ਵਿਦਿਆਰਥੀ ਨੂੰ ਰਿਸੋਰਸ ਰੂਮ ਸਹਾਇਤਾ ਕਿਉਂ ਅਤੇ ਕਿੰਨੇ ਸਮੇਂ ਲਈ ਦਿੱਤੀ ਜਾ ਰਹੀ ਹੈ। ਇਸ ਸਬੰਧੀ ਬੱਚੇ ਦੇ ਮਾਤਾ-ਪਿਤਾ ਅਤੇ ਸਕੂਲ ਦੇ ਮੁੱਖੀ ਨੂੰ ਦੱਸਿਆ ਜਾਵੇ ਅਤੇ ਸਹਿਮਤੀ ਵੀ ਲਈ ਜਾਵੇ।

7. ਸੋਮਵਾਰ, ਬੁੱਧਵਾਰ, ਸ਼ੁਕਰਵਾਰ ਅਤੇ ਸ਼ਨੀਵਾਰ ਨੂੰ ਆਈ.ਈ.ਆਰ.ਟੀ. ਰਿਸੋਰਸ ਰੂਮ ਅਤੇ ਹੋਮ-ਬੇਸਡ ਐਜੂਕੇਸ਼ਨ ਦੇਣ ਜਾਣਗੇ। IERT ਅਤੇ IEV ਦਾ detailed Time Table, ਜਿਸ ਵਿੱਚ ਰਿਸੋਰਸ ਰੂਮ ਵਿੱਚ ਕਰਨ ਵਾਲੀਆਂ ਗਤੀਵਿਧੀਆਂ ਲਈ ਵੱਖ-ਵੱਖ period ਦਿੱਤੇ ਗਏ ਹਨ, ਪਹਿਲਾਂ ਹੀ ਆਪ ਨੂੰ ਭੇਜਿਆ ਹੋਇਆ ਹੈ ਅਤੇ ਇਸ ਪੱਤਰ ਨਾਲ ਵੀ ਨੱਥੀ ਹੈ। IERT ਅਤੇ IEV ਇਸ Time Table ਅਨੁਸਾਰ ਬੱਚਿਆਂ ਨੂੰ ਰਿਸੋਰਸ ਰੂਮ ਵਿੱਚ ਗਤੀਵਿਧੀਆਂ ਕਰਵਾਉਣਗੇ।

8. ਸਕੂਲ ਵਿਜ਼ਿਟ ਦੌਰਾਨ ਅਗਰ ਸਕੂਲ ਵਿੱਚ ਦਿਵਿਆਂਗ ਬੱਚਿਆਂ ਦੀ ਗਿਣਤੀ ਤਿੰਨ ਜਾਂ ਉਸ ਤੋਂ ਘੱਟ ਹੈ ਤਾਂ ਆਈ.ਈ.ਆਰ.ਟੀ. ਵੱਲੋਂ ਇੱਕ ਦਿਨ ਵਿੱਚ ਤਿੰਨ ਸਕੂਲ ਵਿਜ਼ਿਟ ਕੀਤੇ ਜਾਣਗੇ। ਜੇਕਰ ਗਿਣਤੀ ਤਿੰਨ ਤੋਂ ਜਿਆਦਾ ਹੈ ਤਾਂ ਆਈ.ਈ.ਆਰ.ਟੀ. ਵੱਲੋਂ ਇੱਕ ਦਿਨ ਵਿੱਚ ਦੋ ਸਕੂਲ ਵਿਜ਼ਿਟ ਕੀਤੇ ਜਾਣਗੇ। ਹਰ ਸਕੂਲ ਵਿੱਚ ਘੱਟੋ-ਘੱਟ ਇਕ ਘੰਟਾ ਸਕੂਲ ਵਿੱਚ ਬਿਤਾਣਾ ਲਾਜ਼ਮੀ ਹੋਵੇਗਾ ਅਤੇ ਫਿਰ ਨੇੜੇ ਦੇ ਸਕੂਲ ਵਿੱਚ ਵਿਜ਼ਿਟ ਕੀਤਾ ਜਾਵੇਗਾ। ਆਈ.ਈ.ਆਰ.ਟੀ. ਦੀ ਸਕੂਲ ਦੀ ਠਹਿਰ, ਸਕੂਲ ਵਿੱਚ ਸ਼ਨਾਖਤ ਕੀਤੇ ਬੱਚਿਆਂ ਦੀ ਅਪੰਗਤਾ ਤੇ ਵੀ ਨਿਰਭਰ ਕਰੇਗੀ। ਮੰਗਲਵਾਰ ਨੂੰ ਆਈ.ਈ.ਡੀ. ਸਕੀਮ ਤਹਿਤ ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਨੂੰ ਕਵਰ ਕੀਤਾ ਜਾਵੇਗਾ ਅਤੇ ਵੀਰਵਾਰ ਨੂੰ ਆਈ.ਈ.ਡੀ.ਐਸ.ਐਸ. ਸਕੀਮ ਤਹਿਤ ਨੌਵੀਂ ਤੋਂ ਬਾਰਵ੍ਹੀਂ ਵਾਲੇ ਬੱਚਿਆਂ ਨੂੰ ਕਵਰ ਕੀਤਾ ਜਾਵੇਗਾ। ਜੇਕਰ ਆਈ.ਈ.ਡੀ.ਐਸ.ਐਸ. ਸਕੀਮ ਤਹਿਤ ਵਿਜ਼ਿਟ ਕਰਨ ਵਾਲੇ ਸਕੂਲ ਨਹੀਂ ਹਨ ਜਾਂ ਘੱਟ ਹਨ ਤਾਂ DSET ਦੀ ਸਹਿਮਤੀ ਨਾਲ ਆਈ.ਈ.ਡੀ. ਸਕੀਮ ਤਹਿਤ ਕਵਰ ਹੋ ਰਹੇ ਬੱਚਿਆਂ ਦੇ ਸਕੂਲ ਵਿਜ਼ਟ ਕੀਤੇ ਜਾ ਸਕਦੇ ਹਨ। ਵੀਰਵਾਰ ਨੂੰ ਦੁਪਹਿਰ 12:30 ਵਜੇ ਤੋਂ ਬਾਅਦ ਆਈ.ਈ.ਵੀਜ਼. ਦੇ ਹੋਮ ਬੇਸਡ ਵਾਲੇ ਤਿੰਨੋਂ ਬੱਚਿਆਂ ਦਾ ਰਿਵਿਊ ਕੀਤਾ ਜਾਵੇਗਾ।

9. ਆਈ.ਈ.ਡੀ.ਐਸ.ਐਸ. ਦੇ ਕੰਮਾਂ ਲਈ ਆਈ.ਈ.ਆਰ.ਟੀਜ਼ DSET RMSA ਅਤੇ DEO (SE) ਨੂੰ ਵੀ ਜਵਾਬਦੇਹ ਹੋਣਗੇ।

10. ਆਈ.ਈ.ਆਰ.ਟੀ. ਇਹ ਯਕੀਨੀ ਬਨਾਉਣਗੇ ਕਿ ਜੇ ਕੋਈ ਦਿਵਿਆਂਗ ਵਿਦਿਆਰੰਥੀ ਅੱਠਵੀਂ ਪਾਸ ਕਰਨ ਤੋਂ ਬਾਅਦ ਰੈਗੁਲਰ ਸਕੂਲ ਦੇ curriculum ਅਨੁਸਾਰ ਪੜ੍ਹਾਈ ਕਰਨ ਵਿੱਚ ਅਸਮਰੱਥ ਹੈ ਤਾਂ ਉਸ ਦੀ ਅਗਲੀ ਪੜ੍ਹਾਈ Open School ਰਾਂਹੀ ਕਰਵਾਈ ਜਾਵੇ ਅਤੇ DSET ਦੇ ਸਹਿਯੋਗ ਨਾਲ ਉਸ ਦੀ ਅਪੰਗਤਾ ਦੇ ਅਨੁਸਾਰ ਯੋਗ ਵੋਕੇਸ਼ਨਲ ਟ੍ਰੇਨਿੰਗ ਦਾ ਇੰਤਜਾਮ ਵੀ ਕੀਤਾ ਜਾਵੇ।

11. Resource Room ਛੋਟਾ ਹੋਣ ਜਾਂ ਉਪਲਬਧ ਨਾ ਹੋਣ ਦੀ ਸੂਰਤ ਵਿੱਚ ਉਹ ਨੇੜੇ ਦੇ ਆਈ.ਈ.ਡੀ. ਐਸ.ਐਸ. ਦੇ ਰਿਸੋਰਸ ਰੂਮ ਵਿੱਚ ਵੀ shift ਕੀਤਾ ਜਾ ਸਕਦਾ ਹੈ।

12. ਇਹ ਧਿਆਨ ਵਿੱਚ ਰੱਖਿਆ ਜਾਵੇ ਕਿ ਰਿਸੋਰਸ ਰੂਮ ਵਿੱਚ ਪੜ੍ਹਦੇ ਸਾਰੇ ਬੱਚੇ ਉਸੇ ਸਕੂਲ ਦੇ ਰਜਿਸਟਰ ਵਿੱਚ ਦਾਖਲ ਹੋਣ। ਬੱਚਿਆਂ ਨੂੰ ਉਹਨਾਂ ਦੀ ਮਾਨਸਿਕ ਉਮਰ/ਪੱਧਰ ਅਨੁਸਾਰ ਬਣਦੀ ਜਮਾਤ ਵਿੱਚ ਦਾਖਲ ਕਰਵਾਇਆ ਜਾਵੇ। ਉਹਨਾਂ ਨੂੰ ਸਕੂਲੋਂ ਵਿਰਵੇ ਨਹੀਂ ਕਿਹਾ ਜਾ ਸਕਦਾ। ਉਹਨਾਂ ਨੂੰ ਸਕੂਲ ਦੇ ਰਿਸੋਰਸ

ਰੂਮ ਵਿੱਚ ਦਾਖਲ ਸਮਝਿਆ ਜਾਵੇ ਅਤੇ ਸਰਵ ਸਿੱਖਿਆ ਅਭਿਆਨ/ਰਮਸਾ ਅਧੀਨ ਦਿੱਤੀਆਂ ਜਾਣ ਵਾਲੀਆਂ ਸਾਰੀਆਂ ਸਹੂਲਤਾ ਜਿਵੇਂ ਮਿਡ-ਡੇ-ਮੀਲ, ਯੂਨੀਫਾਰਮ, ਮੁਫਤ ਕਿਤਾਬਾਂ, ਆਦਿ ਦਿੱਤੀਆਂ ਜਾਣ।

13. Resource Room ਮੁਲਾਂਕਣ ਰਿਪੋਰਟ ਦਾ ਫਾਰਮੈਟ ਹਰ ਰਿਸੋਰਸ ਰੂਮ ਦੀ ਕੰਧ ਤੇ ਡਿਸਪਲੇ ਹੋਣਾ ਯਕੀਨੀ ਬਣਾਇਆ ਜਾਵੇ। ਨਾਲ ਹੀ ਰਿਸੋਰਸ ਰੂਮ ਵਿੱਚ ਪੜ੍ਹਦੇ ਬੱਚਿਆਂ ਦੀ ਲਿਸਟ (ਫੋਟੋ ਸਮੇਤ), ਟਾਇਮ ਟੇਬਲ ਅਤੇ ਰਿਸੋਰਸ ਰੂਮ ਵਿੱਚ ਰੱਖੇ ਸਮਾਨ ਦੀ ਲਿਸਟ ਕੰਧ ਤੇ ਡਿਸਪਲੇ ਕਰਨੀ ਯਕੀਨੀ ਬਣਾਈ ਜਾਵੇ।

14. ਇਹ ਸਪਸ਼ਟ ਕੀਤਾ ਜਾਂਦਾ ਹੈ ਕਿ ਟੀ.ਏ. ਕੇਵਲ ਉਹਨਾਂ ਬੱਚਿਆਂ ਨੂੰ ਦਿੱਤਾ ਜਾਣਾ ਹੈ ਜਿਹੜੇ ਦੂਰੋਂ (ਭਾਵ ਦੁਸਰੇ ਪਿੰਡਾ ਤੋਂ) ਸਕੂਲ ਦੇ ਰਿਸੋਰਸ ਰੂਮ/ਸਕੂਲ ਵਿੱਚ ਆਉਂਦੇ ਹਨ ਅਤੇ ਟੀ.ਏ. ਨਾਂ ਮਿਲਣ ਦੀ ਸੂਰਤ ਵਿੱਚ ਰਿਸੋਰਸ ਰੂਮ/ਸਕੂਲ ਨਹੀਂ ਆ ਪਾਉਣਗੇ।

<u>ਆਖਰੀ ਬੁੱਧਵਾਰ ਦਾ ਸ਼ਡਿਊਲ</u> :-

ਮਹੀਨੇ ਦੇ ਆਖਰੀ ਬੁੱਧਵਾਰ ਨੂੰ ਸਮੂਹ IERTs ਦੀ ਜਿ.ਸਿੱ.ਅ.(ਐ.ਸਿ.) ਦਫ਼ਤਰ ਵਿਖੇ ਜਾਂ ਕਿਸੇ ਹੋਰ ਢੁੱਕਵੇਂ venue ਤੇ ਮੀਟਿੰਗ ਹੋਵੇਗੀ, ਜਿਸ ਵਿੱਚ ਆਈ.ਈ.ਡੀ. ਕੋਆਰਡੀਨੇਟਰ, ਡੀ.ਐਸ.ਈ. ਅਤੇ ਡੀ.ਐਸ.ਈ.ਟੀ. ਭਾਗ ਲੈਣਗੇ। ਇਹ ਮੀਟਿੰਗ ਜ਼ਿ.ਸਿ.ਅ. (ਐ.ਸਿ.) ਜਾਂ DPC ਦੀ ਪ੍ਰਧਾਨਗੀ ਹੇਠ ਹੋਵੇਗੀ। ਇਸ ਮੀਟਿੰਗ ਵਿੱਚ Physiotherapist ਵੀ ਭਾਗ ਲੈਣਗੇ। ਇਸ ਮੀਟਿੰਗ ਵਿੱਚ ਆਈ.ਈ.ਡੀ. ਕੋਆਰਡੀਨੇਟਰ ਅਤੇ ਡੀ.ਐਸ.ਈ./ ਡੀ.ਐਸ.ਈ.ਟੀ. IED/IEDSS ਅਧੀਨ ਕੀਤੀਆਂ ਗਤੀਵਿਧੀਆਂ ਦਾ ਜਾਇਜ਼ਾ ਲੈਣਗੇ ਅਤੇ ਇਹ ਯਕੀਨੀ ਬਨਾਉਣਗੇ ਕਿ ਸਾਰੀਆਂ ਗਤੀਵਿਧੀਆਂ ਫੀਲਡ ਵਿੱਚ ਹਦਾਇਤਾਂ ਅਤੇ ਨਿਯਮਾਂ ਅਨੁਸਾਰ ਲਾਗੂ ਕੀਤੀਆਂ ਜਾ ਰਹੀਆਂ ਹਨ। Physiotherapist ਆਪਣੇ ਅਗਲੇ ਮਹੀਨੇ ਦੀ ਵਿਜ਼ਿਟ ਦਾ ਸ਼ਡਿਊਲ ਵੀ ਆਈ.ਈ.ਆਰ.ਟੀਜ਼. ਨੂੰ ਇਸ ਮੀਟਿੰਗ ਵਿੱਚ ਹੀ ਦੇਣਗੇ। ਡੀ.ਐਸ.ਈ., ਡੀ.ਐਸ.ਈ.ਟੀ. ਅਤੇ Physiotherapist ਵੱਲੋਂ ਇਸ ਮੀਟਿੰਗ ਵਿੱਚ ਆਪਣੀਆਂ ਫੀਲਡ ਵਿਜ਼ਿਟਸ ਦੌਰਾਨ ਪਾਈਆਂ ਗਈਆਂ ਤਰੁੱਟੀਆਂ, ਪ੍ਰੋਗਰੈਸ ਅਤੇ ਕੋਈ ਚੰਗੀ ਗੱਲ ਜਾਂ ਮਿਸਾਲਾਂ ਬਾਰੇ ਡਿਸਕਸ ਕੀਤਾ ਜਾਵੇਗਾ ਅਤੇ ਚੰਗੀਆਂ ਮਿਸਾਲਾਂ ਨੂੰ ਪੂਰੇ ਜ਼ਿਲ੍ਹੇ ਵਿੱਚ ਲਾਗੂ ਕਰਨ ਲਈ ਯੋਜਨਾ ਬਣਾਈ ਜਾਵੇਗੀ। ਬਾਕੀ ਬਚਦੇ ਬੁੱਧਵਾਰਾਂ ਨੂੰ ਸਾਰੇ IERT ਦਿੱਤੇ ਹੋਏ Time-Table ਅਨੁਸਾਰ ਹੀ ਰਿਸੋਰਸ ਰੂਮ ਵਿੱਚ ਡਿਊਟੀ ਕਰਨਗੇ।

<u>ਆਖਰੀ ਸ਼ੁੱਕਰਵਾਰ ਦਾ ਸ਼ਡਿਊਲ</u> :-

ਮਹੀਨੇ ਦੇ ਆਖਰੀ ਸ਼ੁੱਕਰਵਾਰ ਨੂੰ 10:00 A.M. ਤੋਂ 1:30 PM ਤੱਕ ਰਿਸੋਰਸ ਰੂਮ ਵਿੱਚ ਬਾਲ ਸਭਾ ਅਤੇ Parent Teacher ਮੀਟਿੰਗ ਆਯੋਜਿਤ ਕੀਤੀ ਜਾਵੇਗੀ। ਇਸ ਬਾਲ ਸਭਾ/PTM ਵਿੱਚ ਰਿਸੋਰਸ ਰੂਮ ਵਿੱਚ ਦਾਖਲ, ਹੋਮ ਬੇਸਡ ਸਿੱਖਿਆ ਵਿੱਚ ਕਵਰ ਹੋ ਰਹੇ ਅਤੇ ਬਾਕੀ ਆਸ-ਪਾਸ ਦੇ ਦਿਵਿਆਂਗ ਬੱਚਿਆਂ ਦੇ ਮਾਤਾ-ਪਿਤਾ ਦੀ ਸ਼ਮੂਲੀਅਤ ਯਕੀਨੀ ਬਣਾਈ ਜਾਵੇ ਤਾਂ ਜੋ ਦਿਵਿਆਂਗ ਬੱਚਿਆਂ ਵੱਲੋਂ ਇਸ ਦੌਰਾਨ ਕੀਤਾ ਗਿਆ ਕੰਮ, ਤਿਆਰ ਕੀਤੀਆਂ ਵਸਤੂਆਂ ਜਾਂ ਸਿਖਾਈਆਂ ਗਈਆਂ ਗਤੀਵਿਧੀਆਂ ਨੂੰ ਪ੍ਰਦਰਸ਼ਿਤ ਕੀਤਾ ਜਾ ਸਕੇ। ਇਸ ਮੀਟਿੰਗ ਦੌਰਾਨ ਦਿਵਿਆਂਗ ਬੱਚਿਆਂ ਦੇ ਮਾਤਾ-ਪਿਤਾ ਨੂੰ ਰਿਸੋਰਸ ਰੂਮ/ ਹੋਮ ਬੇਸਡ ਸਿੱਖਿਆ ਦੁਆਰਾ ਬੱਚਿਆਂ ਨੂੰ ਕਰਵਾਈਆਂ ਗਈਆਂ ਗਤੀਵਿਧੀਆਂ ਬਾਰੇ ਜਾਣੂ ਕਰਵਾਇਆ ਜਾਵੇ ਅਤੇ ਅਗਲੇ ਸਮੇਂ ਵਿੱਚ ਕਰਵਾਈਆਂ ਜਾਣ ਵਾਲੀਆਂ ਗਤੀਵਿਧੀਆਂ ਅਤੇ ਇਹਨਾਂ ਗਤੀਵਿਧੀਆਂ ਨੂੰ ਕਰਾਉਣ ਦੇ ਢੰਗ ਅਤੇ ਵਰਤੇ ਜਾਣ ਵਾਲੇ ਟੀ.ਐਲ.ਐਮ. ਸਬੰਧੀ ਪੂਰੀ ਜਾਣਕਾਰੀ ਦਿੱਤੀ ਜਾਵੇ ਤਾਂ ਜੋ ਉਹ ਹਰ ਵੇਲੇ ਆਪਣੇ ਬੱਚੇ ਦੀ ਪੜ੍ਹਾਈ ਅਤੇ ਹੋਰ ਗਤੀਵਿਧੀਆਂ ਨਾਲ ਖੁਦ ਨੂੰ ਜੁੜਿਆ ਮਹਿਸੂਸ ਕਰ ਸਕਣ। ਇਸ ਸਬੰਧੀ ਦਿਵਿਆਂਗ ਬੱਚਿਆਂ ਦੇ ਮਾਤਾ-ਪਿਤਾ ਨੂੰ ਪਹਿਲਾਂ ਤੋਂ ਹੀ ਸੂਚਨਾ ਦਿੱਤੀ ਜਾਵੇ ਤਾਂ ਜੋ ਵੱਧ ਤੋਂ

ਵੱਧ ਮਾਤਾ-ਪਿਤਾ ਇਹ ਮੀਟਿੰਗ attend ਕਰਨ। ਇਸ ਮੀਟਿੰਗ ਵਿੱਚ ਫਿਜ਼ਿਉਥਰੈਪਿਸਟ ਵੀ ਮੌਜੂਦ ਰਹਿਣਗੇ ਅਤੇ ਮਾਤਾ-ਪਿਤਾ ਨੂੰ ਉਹਨਾਂ ਦੇ ਬੱਚਿਆਂ ਦੀ ਲੋੜ ਅਨੁਸਾਰ ਫਿਜ਼ਿਉਥਰੈਪੀ ਬਾਰੇ ਵੀ ਦੱਸਣਗੇ।

<u>ਹੋਮ ਬੇਸਡ ਸਿੱਖਿਆ</u> :-

1. ਆਈ.ਈ.ਆਰ.ਟੀ. ਵਾਰੋ-ਵਾਰੀ ਆਪਣੇ ਹਰ ਆਈ.ਈ.ਵੀ. ਨਾਲ ਐਚ.ਬੀ.ਈ. ਤੇ ਜਾਣਗੇ ਅਤੇ ਬੱਚੇ ਦੀ Assessment, Case Study ਅਤੇ IEP ਤਿਆਰ ਕਰਵਾਉਣ ਵਿੱਚ ਸਹਿਯੋਗ ਦੇਣਗੇ। IEP ਤਿਆਰ ਕਰਨ ਵੇਲੇ ਇਹ ਧਿਆਨ ਰੱਖਿਆ ਜਾਵੇ ਕਿ ਬੱਚੇ ਦੀ ਹਾਲਤ ਵਿੱਚ ਸੁਧਾਰ ਲਿਆਉਣ ਲਈ ਸਹੀ ਟੀਚੇ ਲਏ ਗਏ ਹਨ ਅਤੇ ਇਹਨਾਂ ਟੀਚਿਆਂ ਨੂੰ ਪ੍ਰਾਪਤ ਕਰਨ ਲਈ ਸਹੀ ਕਿਰਿਆਵਾਂ ਦੀ ਚੋਣ ਕੀਤੀ ਗਈ ਹੈ ਅਤੇ ਇਹ ਕਿਰਿਆਵਾਂ ਸਹੀ ਢੰਗ ਨਾਲ ਆਈ.ਈ.ਵੀ. ਵੱਲੋਂ ਕਰਵਾਈਆਂ ਜਾ ਰਹੀਆਂ ਹਨ। ਉਹ ਇਹ ਵੀ ਚੈੱਕ ਕਰਨਗੇ ਕਿ HBE ਦੁਆਰਾ ਬੱਚੇ ਦੀ ਹਾਲਤ ਵਿੱਚ ਸੁਧਾਰ ਹੋ ਰਿਹਾ ਹੈ ਜਾਂ ਨਹੀਂ।
2. ਆਈ.ਈ.ਆਰ.ਟੀ. ਇਹ ਯਕੀਨੀ ਬਨਾਉਣਗੇ ਕਿ Case Study ਅਤੇ IEP ਦੀ ਇੱਕ ਕਾਪੀ ਬੱਚੇ ਦੇ IEV ਕੋਲ ਮੌਜੂਦ ਹੋਵੇ ਅਤੇ ਦੂਸਰੀ ਕਾਪੀ ਰਿਸੋਰਸ ਰੂਮ ਵਿੱਚ ਉਪਲਬਧ ਹੋਵੇ। ਆਈ.ਈ.ਆਰ.ਟੀ. ਆਪਣੀ ਹਰ ਹੋਮ ਬੇਸਡ ਵਿਜ਼ਿਟ ਦੌਰਾਨ IEP ਦੀਆਂ ਦੋਵੇਂ ਕਾਪੀਆਂ ਵਿੱਚ ਆਈ.ਈ.ਵੀ. ਵੱਲੋਂ ਕਰਵਾਈਆਂ ਜਾ ਰਹੀਆਂ ਗਤੀਵਿਧੀਆਂ ਅਤੇ ਬੱਚੇ ਦੀ ਹੋ ਰਹੀ progress ਬਾਰੇ comments ਦਰਜ ਕਰਨਾ ਯਕੀਨੀ ਬਨਾਉਣਗੇ।
3. HBE ਪ੍ਰਾਪਤ ਕਰ ਰਹੇ ਬੱਚਿਆਂ ਸਬੰਧੀ ਹਦਾਇਤ ਕੀਤੀ ਜਾਂਦੀ ਹੈ ਕਿ ਸਾਰੇ HBE ਵਾਲੇ ਬੱਚਿਆਂ ਨੂੰ ਵੀ ਸਕੂਲਾਂ ਵਿੱਚ enroll ਕਰਵਾਇਆ ਜਾਵੇ ਅਤੇ ਉਹਨਾਂ ਨੂੰ ਹਰ ਹਫਤੇ ਘੱਟੋ-ਘੱਟ ਇੱਕ ਦਿਨ ਸਕੂਲ ਲਿਜਾ ਕੇ ਸਕੂਲ ਦੀਆਂ co-curricular ਗਤੀਵਿਧੀਆਂ ਵਿੱਚ ਸ਼ਾਮਲ ਕੀਤਾ ਜਾਵੇ। HBE ਵਾਲੇ ਸਾਰੇ ਬੱਚਿਆਂ ਨੂੰ HBE ਸੁਰੂ ਕਰਨ ਦੀ ਮਿਤੀ ਤੋਂ ਬਾਅਦ 6 ਮਹੀਨਿਆਂ ਦੇ ਅੰਦਰ ADL Skills/functional literacy ਸਿਖਾਉਣ ਅਤੇ ਵੱਖ-ਵੱਖ ਵਿਭਾਗਾਂ ਤੋਂ ਮਿਲਣ ਵਾਲੀਆਂ ਸਹੂਲਤਾਂ/ਲਾਭ ਦਵਾਉਣ ਲਈ IERT ਅਤੇ IEV ਜ਼ਿੰਮੇਵਾਰ ਹੋਣਗੇ।

**IV. <u>ਫਿਜ਼ਿਉਥਰੈਪਿਸਟਾਂ ਸਬੰਧੀ</u>:-**

1. ਫਿਜ਼ਿਉਥਰੈਪਿਸਟ ਆਪਣੇ ਜ਼ਿਲ੍ਹੇ ਦੀਆਂ ਆਈ.ਈ.ਡੀ. ਅਤੇ ਆਈ.ਈ.ਡੀ.ਐਸ.ਐਸ. ਸਕੀਮਾਂ ਅਧੀਨ ਆਉਣ ਵਾਲੇ ਸਾਰੇ ਜ਼ਰੂਰਤਮੰਦ ਦਿਵਿਆਂਗ ਬੱਚਿਆਂ ਦਾ ਚੈੱਕ-ਅੱਪ ਕਰਨ ਅਤੇ physiotherapy ਦੇਣ ਲਈ ਜ਼ਿੰਮੇਵਾਰ ਹੋਣਗੇ ਅਤੇ ਆਈ.ਈ.ਡੀ. ਅਤੇ ਆਈ.ਈ.ਡੀ.ਐਸ.ਐਸ. ਸਕੀਮ ਅਧੀਨ ਕਵਰ ਕੀਤੇ ਜਾਂਦੇ ਦਿਵਿਆਂਗ ਬੱਚਿਆਂ ਨੂੰ ਸਰਜਰੀ ਲਈ recommend ਕਰਨ ਲਈ ਜ਼ਿੰਮੇਵਾਰ ਹੋਣਗੇ।
2. ਫਿਜ਼ਿਉਥਰੈਪਿਸਟ ਆਪਣਾ Monthly ATP (Advanced Tour Programme) ਮਹੀਨੇ ਦੇ ਆਖਰੀ ਬੁੱਧਵਾਰ ਨੂੰ ਆਈ.ਈ.ਡੀ. ਦੀ Monthly ਮੀਟਿੰਗ ਵਿੱਚ ਆਈ.ਈ.ਡੀ. ਕੋਆਰਡੀਨੇਟਰ, ਡੀ.ਐਸ.ਈ./ ਡੀ.ਐਸ.ਈ.ਟੀ. ਅਤੇ ਆਈ.ਈ.ਆਰ.ਟੀਜ਼ ਨਾਲ ਤਾਲ-ਮੇਲ ਵਿੱਚ ਬਨਾਉਣਗੇ ਅਤੇ ਇਸ ਸ਼ਡਿਊਲ ਅਨੁਸਾਰ ਆਈ.ਈ.ਆਰ.ਟੀਜ਼ ਅਤੇ ਆਈ.ਈ.ਵੀਜ਼ ਵੱਲੋਂ ਆਪਣਾ ATP ਬਣਾਇਆ ਜਾਵੇਗਾ।
3. ਫਿਜ਼ਿਉਥਰੈਪਿਸਟ ਦੇ ਕੰਮ ਕਰਨ ਦੇ ਦਿਨ ਸੋਮਵਾਰ ਤੋਂ ਸ਼ਨੀਵਾਰ ਹੋਣਗੇ ਅਤੇ ਇਹਨਾਂ ਦਾ ਕੰਮ ਕਰਨਾ ਦਾ ਸਮਾਂ (ਸਰਦੀਆਂ ਅਤੇ ਗਰਮੀਆਂ) ਸਵੇਰੇ 09:00 ਤੋਂ ਸ਼ਾਮ 03:00 ਵਜੇ ਤੱਕ ਹੋਵੇਗਾ।
4. ਫਿਜ਼ਿਓਥਰੈਪਿਸਟ ਆਪਣੀ ਸਵੇਰੇ ਅਤੇ ਸ਼ਾਮ ਦੀ ਹਾਜ਼ਰੀ ਆਪਣੇ ATP ਅਨੁਸਾਰ ਵਿਜ਼ਿਟ ਕਰਨ ਵਾਲੇ ਸਟੇਸ਼ਨ/ਸਕੂਲ ਦੇ ਨੇੜੇ ਦੇ ਦਫਤਰ (DEO/ BPEO ਦਫਤਰ) ਵਿਖੇ ਲੱਗੀ Biometric Machine ਵਿੱਚ ਲਗਾਉਣਗੇ।

5. ਫਿਜ਼ਿਉਥਰੈਪਿਸਟ ਪਹਿਲਾਂ 9:30 ਤੋਂ 11:30 ਵਜੇ ਤੱਕ ਇਕ ਕਲਸਟਰ ਵਿੱਚ ਫਿਜ਼ਿਉਥਰੈਪੀ ਕੈਂਪ ਲਗਾਉਣਗੇ ਅਤੇ ਉਸ ਤੋਂ ਬਾਅਦ 12:30 ਤੋਂ 02:30 ਵਜੇ ਤੱਕ ਦੂਸਰੇ ਕਲਸਟਰ ਵਿੱਚ ਕੈਂਪ ਲਗਾਉਣਗੇ। ਇਸ ਤਰ੍ਹਾਂ ਰੋਟੇਸ਼ਨ ਵਿੱਚ ਸਾਰੇ ਕਲਸਟਰ ਕਵਰ ਕਰਨਗੇ ਅਤੇ ਸਾਰੇ ਬਲਾਕਾਂ ਦੇ ਬੱਚਿਆਂ ਨੂੰ ਰੋਟੇਸ਼ਨ ਵਿੱਚ ਕਵਰ ਕਰਨਾ ਇਹਨਾਂ ਦੀ ਜ਼ਿੰਮੇਵਾਰੀ ਹੋਵੇਗੀ। ਸਵੇਰ ਅਤੇ ਸ਼ਾਮ ਨੂੰ ਅੱਧਾ ਘੰਟਾ ਹਾਜ਼ਰੀ ਲਗਾਉਣ ਲਈ Travelling Time ਦਿੱਤਾ ਜਾਵੇਗਾ ਅਤੇ ਦੁਪਿਹਰ ਨੂੰ ਇੱਕ ਘੰਟਾ Lunch ਅਤੇ Travelling Time ਲਈ ਦਿੱਤਾ ਜਾਵੇਗਾ। ਫਿਜ਼ਿਉਥਰੈਪਿਸਟ ਨੂੰ ਵੀ ਡੀ.ਐਸ.ਈ. ਲਈ ਭੇਜੀਆਂ ਗਈਆਂ ਹਦਾਇਤਾਂ ਅਨੁਸਾਰ ਹੀ ਟੀ.ਏ. ਦਿੱਤਾ ਜਾਵੇਗਾ।

6. ਹਰ ਕਲਸਟਰ ਦੇ ਫਿਜ਼ਿਉਥਰੈਪੀ ਕੈਂਪ ਵਿੱਚ ਘੱਟੋ-ਘੱਟ 8 ਤੋਂ 12 ਬੱਚੇ ਆਉਣੇ ਜ਼ਰੂਰੀ ਹਨ। ਲੋੜਵੰਦ ਬੱਚਿਆਂ ਦੇ ਮਾਤਾ-ਪਿਤਾ ਨੂੰ ਸੰਦੇਸ਼ ਲਗਾ ਕੇ ਬੱਚਿਆਂ ਨੂੰ ਕੈਂਪ ਵਿੱਚ ਲਿਆਉਣ ਸਬੰਧੀ ਜ਼ਿੰਮੇਵਾਰੀ ਸਬੰਧਤ ਆਈ.ਈ.ਆਰ.ਟੀਜ਼ ਅਤੇ ਆਈ.ਈ.ਵੀਜ਼ ਦੀ ਹੋਵੇਗੀ। ਜੇਕਰ ਕੈਂਪ ਵਿੱਚ ਵਿਸ਼ੇਸ ਲੋੜਾਂ ਵਾਲੇ ਬੱਚਿਆਂ ਦੀ ਗਿਣਤੀ ਘੱਟ ਰਹਿੰਦੀ ਹੈ ਤਾਂ ਇਸ ਸਬੰਧੀ ਫਿਜ਼ਿਉਥਰੈਪਿਸਟ ਜ਼ਿਲ੍ਹਾ ਸਿੱਖਿਆ ਅਫਸਰ ਦੇ ਧਿਆਨ ਵਿੱਚ ਲਿਆ ਕੇ ਗਿਣਤੀ ਵਧਾਉਣ ਲਈ ਲੋੜੀਂਦੀ ਕਾਰਵਾਈ ਲਈ ਜ਼ਿੰਮੇਵਾਰ ਹੋਣਗੇ।

7. ਫਿਜ਼ਿਉਥਰੈਪੀ ਕੈਂਪ ਅਜਿਹੇ ਸਥਾਨ ਤੇ ਲਗਾਇਆ ਜਾਵੇ ਜਿਥੇ ਵੱਧ ਤੋਂ ਵੱਧ ਬੱਚੇ ਅਸਾਨੀ ਨਾਲ ਆ ਸਕਣ ਅਤੇ ਉਹਨਾਂ ਨੂੰ ਆਉਣ-ਜਾਣ ਵਿੱਚ ਕੋਈ ਸਮੱਸਿਆ ਨਾ ਆਵੇ ਅਤੇ ਜਿੱਥੇ ਦਾ ਮਹੌਲ ਠੀਕ ਹੋਵੇ ਅਤੇ ਲੇਡੀ ਸਟਾਫ (ਆਈ.ਈ.ਆਰ.ਟੀਜ਼, ਆਈ.ਈ. ਵੰਲਟੀਅਰਜ਼ ਅਤੇ ਫਿਜ਼ਿਉਥਰੈਪਿਸਟ) ਸ਼ਾਮ ਦੇ ਸਮੇਂ ਵੀ ਸੁਰੱਖਿਅਤ ਮਹਿਸੂਸ ਕਰੇ ਜਿਵੇਂ ਕਿ ਸਕੂਲ, ਬੀ.ਆਰ.ਸੀ. ਜਾਂ ਪ੍ਰਾਈਮਰੀ ਹੈਲਥ ਸੈਂਟਰ (PHC ਜਾਂ CHC)।

8. ਫਿਜ਼ਿਉਥਰੈਪੀ ਕੈਂਪ ਵਿੱਚ ਆਉਣ ਵਾਲੇ ਬੱਚਿਆਂ ਅਤੇ ਉਹਨਾਂ ਦੇ ਮਾਤਾ-ਪਿਤਾ ਨੂੰ ਟੀ.ਏ. ਅਤੇ ਰਿਫਰੈਸ਼ਮੈਂਟ ਨਹੀਂ ਦਿੱਤੀ ਜਾਵੇਗੀ।

9. ਫਿਜ਼ਿਉਥਰੈਪਿਸਟ ਆਪਣਾ ਅਗਾਂਉ ਮਹੀਨੇ ਦਾ ATP ਮਹੀਨੇ ਦੇ ਆਖਰੀ ਵੀਰਵਾਰ ਨੂੰ ਮੁੱਖ ਦਫਤਰ ਦੀ email ID ਤੇ ਭੇਜਣਗੇ ਅਤੇ ਆਪਣੇ ਕੈਂਪ ਸਬੰਧੀ ਮਹੀਨਾਵਾਰ ਰਿਪੋਰਟ ਮੁੱਖ ਦਫਤਰ ਨੂੰ (ਈ-ਮੇਲ ID : iedpunjabssa@gmail.com) ਰਾਹੀਂ ਭੇਜਣਗੇ।

10. ਹਰ ਬੱਚੇ ਨੂੰ ਲੋੜ ਅਨੁਸਾਰ ਫਿਜ਼ਿਉਥਰੈਪੀ ਦਿੱਤੀ ਜਾਵੇਗੀ ਤਾਂ ਜੋ ਬੱਚੇ ਨੂੰ ਕੋਈ ਲਾਭ ਹੋ ਸਕੇ। ਹਰ ਬੱਚੇ ਨੂੰ ਕਰਵਾਈਆਂ ਜਾਣ ਵਾਲੀਆਂ exercises ਅਤੇ therapy ਸਬੰਧੀ ਬੱਚੇ ਦੇ ਮਾਤਾ-ਪਿਤਾ, ਸਬੰਧਤ ਆਈ.ਈ.ਆਰ.ਟੀ. ਅਤੇ ਆਈ.ਈ.ਵੀ. ਨੂੰ ਵੀ ਦੱਸਿਆ ਜਾਵੇ ਤਾਂ ਜੋ ਉਹ ਘਰ ਵਿੱਚ, ਰਿਸੋਰਸ ਰੂਮ ਵਿੱਚ ਜਾਂ ਐਚ.ਬੀ.ਈ. ਸਮੇਂ ਵੀ ਬੱਚੇ ਨੂੰ ਇਹ ਕਰਵਾ ਸਕਣ।

11. ਹਰ ਬੱਚੇ ਦੇ ਫਿਜ਼ਿਉਥਰੈਪੀ ਸਬੰਧੀ ਬਣਾਏ ਗਏ ਕਾਰਡ ਵਿੱਚ ਬੱਚੇ ਦੀ ਮੌਜੂਦਾ ਸਥਿਤੀ ਸਬੰਧੀ ਸਹੀ ਜਾਣਕਾਰੀ ਦਿੱਤੀ ਜਾਵੇ, exercises ਦਾ ਵੇਰਵਾ ਦਿੱਤਾ ਜਾਵੇ, ਹਾਲਤ ਵਿੱਚ ਪ੍ਰਗਤੀ ਦਾ ਜ਼ਿਕਰ ਕੀਤਾ ਜਾਵੇ ਅਤੇ ਵਿਜ਼ਿਟਸ ਦਾ ਵੇਰਵਾ/ ਅਗਲੀ ਵਿਜ਼ਿਟ ਦੀ ਜਾਣਕਾਰੀ/ ਮਿਤੀ ਦਿੱਤੀ ਜਾਵੇ। ਇਸ ਕਾਰਡ ਤੇ ਬੱਚੇ ਦੀ ਫੋਟੋ ਦਾ ਹੋਣਾ ਜ਼ਰੂਰੀ ਹੈ। ਇਹਨਾਂ ਕਾਰਡਜ਼ ਦਾ ਫਾਰਮੈਟ ਮੁੱਖ ਦਫਤਰ ਵੱਲੋਂ ਪਹਿਲਾ ਸਮੂਹ ਜ਼ਿਲ੍ਹਿਆਂ ਨੂੰ ਭੇਜਿਆ ਜਾ ਚੁੱਕਾ ਹੈ।

V. <u>ਉਮੀਦ ਵੋਕੇਸ਼ਨਲ ਪ੍ਰਾਜੈਕਟ ਸਬੰਧੀ</u> :-

1. ਵੱਖ-ਵੱਖ ਜ਼ਿਲ੍ਹਿਆਂ ਵਿੱਚ Project Umeed ਅਧੀਨ ਚਲਦੇ vocational courses ਲਈ ਯੋਗ ਬੱਚਿਆਂ ਨੂੰ ਉਹਨਾਂ ਦੀ ਡਿਸੇਬਲਟੀ ਦੇ ਅਧਾਰ ਤੇ ਸ਼ਨਾਖਤ ਕਰਨ ਅਤੇ assessment ਲਈ recommend ਕਰਨ ਦੀ ਜ਼ਿੰਮੇਵਾਰੀ ਸਬੰਧਤ ਬਲਾਕ ਦੇ ਆਈ.ਈ.ਆਰ.ਟੀ. ਅਤੇ ਆਈ.ਈ.ਵੀ. ਦੀ ਹੋਵੇਗੀ।

- Vocational Centers ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਸਮੂਹ ਆਈ.ਈ.ਆਰ.ਟੀਜ਼. IE ਵਲੰਟੀਅਰ ਆਪਣੇ DSE/DSET ਅਤੇ ਕੋਆਰਡੀਨੇਟਰ ਨੂੰ ਪੂਰਾ ਸਹੀਯੋਗ ਦੇਣਗੇ।

3. Vocational Training ਲੈ ਰਹੇ ਬੱਚਿਆਂ ਦੀ ਪ੍ਰਗਤੀ ਰਿਪੋਰਟ ਹਰ 15 ਦਿਨਾਂ ਬਾਅਦ ਵੋਕੇਸ਼ਨਲ ਕੋਆਰਡੀਨੇਟਰ ਨੂੰ ਭੇਜੀ ਜਾਵੇਗੀ।

VI. **Reader/ Writer for Blind ਦੀ ਚੋਣ ਸਬੰਧੀ** :-

1. ਸਾਰੀਆਂ ਜਮਾਤਾਂ ਵਿੱਚ ਪੜ੍ਹਦੇ ਵੇਖਣ ਤੋਂ ਵਿਕਲਾਂਗ ਬੱਚਿਆਂ ਲਈ ਸਬੰਧਤ ਆਈ.ਈ.ਆਰ.ਟੀਜ਼ ਵੱਲੋਂ Reader/ Writer (ਲੋੜ ਅਨੁਸਾਰ) provide ਕਰਵਾਇਆ ਜਾਵੇਗਾ। Writer ਵਜੋਂ ਸਹੀ ਬੱਚੇ ਦੀ ਚੋਣ ਲਈ writer ਵਜੋਂ select ਕੀਤੇ ਗਏ ਬੱਚੇ ਦਾ ਟੈਸਟ ਪਹਿਲਾਂ ਹੀ ਲੈ ਕੇ ਦੇਖ ਲਿਆ ਜਾਵੇ, ਤਾਂ ਜੋ VI ਬੱਚੇ ਨੂੰ ਪ੍ਰੀਖਿਆ ਦੇ ਮੌਕੇ ਤੇ ਕੋਈ ਦਿੱਕਤ ਨਾ ਆਵੇ। ਸਿਆਣੇ ਬੱਚੇ (ਜੋ VI ਬੱਚੇ ਤੋਂ ਇੱਕ ਜਮਾਤ ਛੋਟੀ ਦਾ ਹੋਵੇ) ਨੂੰ ਹੀ writer ਵਜੋਂ ਚੁਣਿਆ ਜਾਵੇ, ਜਿਸ ਦੀ ਵੇਖਣ ਤੋਂ ਵਿਕਲਾਂਗ ਬੱਚੇ ਨਾਲ ਚੰਗੀ tuning ਹੋਵੇ।
2. ਇਸ ਤੋਂ ਬਾਅਦ ਪੰਜਾਬ ਸਕੂਲ ਸਿੱਖਿਆ ਬੋਰਡ ਤੋਂ writer ਦੀ approval ਸਮੇਂ ਸਿਰ ਲੈ ਲਈ ਜਾਵੇ ਤਾਂ ਜੋ ਸਬੰਧਤ ਵਿਦਿਆਰਥੀ ਨੂੰ ਇਸ ਸੁਵਿਧਾ ਦਾ ਅਸਲ ਵਿੱਚ ਕੋਈ ਲਾਭ ਵੀ ਹੋ ਸਕੇ।
3. ਇਸ ਕੰਮ ਲਈ ਸਬੰਧਤ ਡੀ.ਐਸ.ਈ./ ਡੀ.ਐਸ.ਈ.ਟੀ. ਆਪਣਾ ਪੂਰਾ ਸਹਿਯੋਗ ਦੇਣਗੇ ਅਤੇ ਸਮੇਂ ਸਿਰ ਸਹੀ writer ਬੱਚੇ ਦੀ ਚੋਣ ਕਰਕੇ eligible VI/CP ਵਿਦਿਆਰਥੀ ਨੂੰ writer ਦਵਾਉਣ ਦੀ ਨਿਰੋਲ ਜ਼ਿੰਮੇਵਾਰੀ ਡੀ.ਐਸ.ਈ./ ਡੀ.ਐਸ.ਈ.ਟੀ. ਦੀ ਹੋਵੇਗੀ।

VII. **ਆਈ.ਈ.ਡੀ.ਐਸ.ਐਸ. ਅਧੀਨ ਬਣੇ ਰਿਸੋਰਸ ਰੂਮਾਂ ਦੀ ਸਹੀ ਵਰਤੋਂ ਸਬੰਧੀ** :-

ਇਹ ਵੇਖਣ ਵਿੱਚ ਆਇਆ ਹੈ ਕਿ ਆਈ.ਈ.ਡੀ.ਐਸ.ਐਸ. ਸਕੀਮ ਅਧੀਨ ਬਣੇ ਰਿਸੋਰਸ ਰੂਮਾਂ ਨੂੰ ਇਸ ਸਮੇਂ ਸਕੂਲਾਂ ਵੱਲੋਂ normal ਬੱਚਿਆਂ ਦੀਆਂ ਜਮਾਤਾਂ ਲਗਾਉਣ ਜਾਂ ਕਿਸੇ ਹੋਰ ਗਤੀਵਿਧੀ ਲਈ ਵਰਤਿਆ ਜਾ ਰਿਹਾ ਹੈ। ਡੀ.ਐਸ.ਈ.ਟੀ. ਅਤੇ ਆਈ.ਈ.ਆਰ.ਟੀਜ਼ ਇਹ ਯਕੀਨੀ ਬਨਾਉਣ ਕਿ ਇਹ ਰਿਸੋਰਸ ਰੂਮ ਕੇਵਲ ਆਈ.ਈ.ਡੀ./ਆਈ.ਈ.ਡੀ.ਐਸ.ਐਸ. ਦੀਆਂ ਗਤੀਵਿਧੀਆਂ ਲਈ ਹੀ ਵਰਤੇ ਜਾਣ। ਜਿੱਥੇ ਦਿੱਕਤ ਆਵੇ ਉੱਥੇ ਸਬੰਧਤ DEO (SE), DPC ਅਤੇ ਹੋਰ ਉੱਚ ਅਧਿਕਾਰੀਆਂ ਦੀ ਮਦਦ ਲਈ ਜਾਵੇ।

ਉਕਤ ਤੋਂ ਇਲਾਵਾ ਡੀ.ਐਸ.ਈ., ਫਿਜ਼ਿਉਥਰੈਪਿਸਟ, ਆਈ.ਈ.ਆਰ.ਟੀਜ਼ ਅਤੇ ਆਈ.ਈ.ਵੀ. ਦੇ ਕੰਮਾਂ ਸਬੰਧੀ ਅਤੇ ਆਈ.ਈ.ਡੀ. ਸਕੀਮ ਨੂੰ ਚਲਾਉਣ ਸਬੰਧੀ ਪਹਿਲਾਂ ਭੇਜੀਆਂ ਗਈਆਂ ਹਦਾਇਤਾਂ ਲਾਗੂ ਰਹਿਣਗੀਆਂ। ਉਪਰੋਕਤ ਹਦਾਇਤਾਂ ਡੀ.ਐਸ.ਈ.ਟੀ. ਦੇ ਕੰਮਾਂ ਨੂੰ ਸਪਸ਼ਟ ਕਰਨ ਅਤੇ ਆਈ.ਈ.ਡੀ./ਆਈ.ਈ.ਡੀ.ਐਸ.ਐਸ. ਦੇ ਕੰਮ ਨੂੰ ਹੋਰ ਸੁਚਾਰੂ ਢੰਗ ਨਾਲ ਚਲਾਉਣ ਲਈ ਪੁਰਾਣੀਆਂ ਹਦਾਇਤਾਂ ਦੀ ਲਗਾਤਾਰਤਾ ਵਿੱਚ ਜਾਰੀ ਕੀਤੀਆਂ ਜਾਂਦੀਆਂ ਹਨ।

16/7/17

ਸਟੇਟ ਪ੍ਰਜੈਕਟ ਡਾਇਰੈਕਟਰ
ਰਾਸ਼ਟਰੀ ਮਾਧਮਿਕ/ ਸਰਵ ਸਿੱਖਿਆ ਅਭਿਆਨ ਅਥਾਰਟੀ
ਪੰਜਾਬ।